# ਸਰਲ ਕੀਰਤਨ ਪ੍ਰਣਾਲੀ




ਰਚਿਤ : ਸੰਤ ਜੁਗਿੰਦਰ ਸਿੰਘ ਜੀ 'ਸਰਲ'

੧ੴ ਸਤਿਗੁਰ ਪ੍ਰਸਾਦਿ ॥

ਗੁਰਬਾਣੀ ਗਾਵਹ ਭਾਈ ਓਹ ਸਫਲ ਸਦਾ ਸੁਖਦਾਈ ॥ (੬੨੯)

# ਸਰਲ ਕੀਰਤਨ ਪ੍ਰਣਾਲੀ

## ਗੁਰਬਾਣੀ ਕੀਰਤਨ ਸਿਖਿਆ

ਰਚਿਤ-

**ਸੰਤ ਜੋਗਿੰਦਰ ਸਿੰਘ 'ਸਰਲ'**

*SANT JOGINDER SINGH SARAL*

*Founder of*

*SRI GURU NANAK KIRTAN MISSION*

*45, Randolph Road-Middlesex England-*

ਪ੍ਰਕਾਸ਼ਕ :-

**ਉੱਤਮ ਸਿੰਘ, ਗੁਰਬਚਨ ਸਿੰਘ ਪੁਸਤਕਾਂ ਵਾਲੇ**

39, ਘੰਟਾ ਘਰ ਮਾਰਕੀਟ, ਅੰਮ੍ਰਿਤਸਰ।

ਭੇਟਾ 40 ਰੁਪਏ

# ਪੁਸਤਕ ਸੰਬਧੀ ਦੋ-ਸ਼ਬਦ

ਕਲਜੁਗ ਮਹਿ ਕੀਰਤਨ ਪ੍ਰਧਾਨਾ ।।

ਸਤਿਗੁਰਾਂ ਦੇ ਉਪ੍ਰੋਕਤ ਮਹਾਂਵਾਕ ਅਨੁਸਰ ਨੌਂ ਪ੍ਰਕਾਰ ਦੀ ਭਗਤੀ ਵਿਚੋਂ ਸਭ ਤੋਂ ਸੁਖੈਣ, ਰਸਦਾਇਕ ਅਤੇ ਪ੍ਰਧਾਨ ਭਗਤੀ ਦਾ ਦਰਜਾ ਕੀਰਤਨ ਕਰਨ ਨੂੰ ਦਿੱਤਾ ਗਿਆ ਹੈ, ਪਰ ਸ਼ਰਤ ਇਹ ਹੈ ਕਿ ਸੁਰਤ ਨੂੰ ਇਕਾਗ੍ਰਤ ਕਰਕੇ ਸ਼ਬਦ ਦੇ ਭਾਵ ਵਿਚ ਲੀਨ ਕੀਤਾ ਜਾਵੇ। ਕੀਰਤਨ ਕੇਵਲ ਲੋਕਾਂ ਨੂੰ ਸੁਨਾਉਣਾ, ਜਾਂ ਮਾਇਆ ਦੀ ਖਾਤਿਰ ਹੀ ਨਾ ਕੀਤਾ ਜਾਵੇ ਸਗੋਂ ਇਹ ਸਤਿਗੁਰਾਂ ਵਲੋਂ ਤਰੁੱਠ ਕੇ ਬਖਸ਼ੀ ਗਈ ਅਮੋਲਕ ਦਾਤ ਦੇ ਸ਼ੁਕਰਾਨੇ ਵਜੋਂ ਸਤਿਗੁਰਾਂ ਨੂੰ ਰਿਝਾਉਣ ਹਿੱਤ ਸ਼ਬਦ ਵਿਚਲੇ ਭਾਵ ਵੱਲ ਮਨ ਨੂੰ ਸੰਬੋਧਤ ਕਰਕੇ ਗਾਵਿਆ ਜਾਵ੍ਹੇ, ਤਾਂ ਹੀ ਸਤਿਗੁਰਾਂ ਨੂੰ ਐਸਾ ਕੀਰਤਨੀਆਂ ਭਲਾ (ਚੰਗਾ) ਅਥਵਾ ਪਿਆਰਾ ਲੱਗੇਗਾ ਅਤੇ ਗੁਰੂ ਜੀ ਦੀਆਂ ਮੇਹਰਾਂ ਭਰੀ ਨਜ਼ਰ ਦਾ ਪਾਤਰ ਬਣ ਸਕੇਗਾ।

ਸਿੱਖ ਜਗਤ ਦੇ ਸਾਰੇ ਸਮਾਗਮਾਂ ਵਿਚ ਕੀਰਤਨ ਨੂੰ ਮਹਾਨਤਾ ਦਿੱਤੀ ਗਈ ਹੈ। ਇਹ ਸਮਾਗਮ ਭਾਵੇਂ ਸੰਗਤੀ ਹੋਣ ਜਾਂ ਵਿਅਕਤੀਗਤ। ਬੱਚੇ ਦੇ ਜਨਮ, ਕੁੜਮਾਈ ਜਾਂ ਅਨੰਦ ਕਾਰਜ ਦੇ ਖੁਸ਼ੀ ਭਰੇ ਸਮਾਗਮ ਹੋਣ ਜਾਂ ਮਿਰਤਕ ਪ੍ਰਾਣੀ ਦੀ ਆਤਮਿਕ ਕਲਿਆਣ ਹਿੱਤ ਇਕੱਠ ਹੋਵੇ। ਵਾਪਾਰਿਕ ਲਾਭ,

ਨੌਕਰੀ ਦੀ ਤਰੱਕੀ ਜਾਂ ਦੁਕਾਨ ਮਕਾਨ ਮਿਲਣ ਦੀ ਖੁਸ਼ੀ ਵਿਚ ਧੰਨਵਾਦ ਵਜੋਂ ਸਤਿਗੁਰਾਂ ਦੇ ਚਰਨ ਪਰਸੇ ਜਾਣ ਜਾਂ ਧਾਰਮਿਕ ਕਾਨਫਰੰਸਾਂ ਹਰ ਥਾਂ ਸਮਾਗਮ ਵਿਚ ਕੀਰਤਨ ਦਾ ਆਪਣਾ ਸਥਾਨ (ਪ੍ਰਭਾਵ) ਹੁੰਦਾ ਹੈ ਜਿਸ ਤੋਂ ਸਿੱਧ ਹੋਇਆ ਕਿ ਕੀਰਤਨ ਦਾ ਗੁਰ-ਸੰਗਤਾਂ ਵਿਚ ਕਿੰਨਾ ਸਤਿਕਾਰ ਹੈ।

ਕੀਰਤਨ ਸਿਖਣ ਦੀ ਇੱਛਾ ਤਾਂ ਕਈਆਂ ਵਿਚ ਪ੍ਰਬੱਲ ਹੁੰਦੀ ਹੈ ਪਰ ਨਿਸ਼ਕਾਮ ਅਤੇ ਪ੍ਰਬੀਣ ਉਸਤਾਦ, ਹਰ ਇਕ ਨਾ ਮਿਲਣ ਜਾਂ ਵਿਦਿਆਰਥੀ ਦੇ ਦਿਮਾਗ਼ੀ ਪੱਧਰ ਮੁਤਾਬਿਕ ਸੁਖੈਣ ਪੁਸਤਕ ਨਾ ਮਿਲਣ ਕਰਕੇ ਬਹੁਤੇ ਸਿਖਾਂਦਰੂ ਦਿਲ ਛੱਡ ਬੈਠਦੇ ਹਨ ਅਤੇ ਇਸ ਅਮੋਲਕ ਦਾਤ ਤੋਂ ਵਾਂਝੇ ਰਹਿ ਜਾਂਦੇ ਹਨ।

ਸੰਗੀਤ ਦੀਆਂ ਪੁਸਤਕਾਂ ਵਿਚ 'ਸਰਲ' ਜੀ ਦਾ ਨਾਮ ਧਰੂਅ ਤਾਰੇ ਵਾਂਗ ਚਮਕ ਰਿਹਾ ਹੈ। ਕਾਰਣ ਇਹ ਕਿ ਇਹਨਾਂ ਦੀ ਲੇਖਣੀ ਅਤਿ ਸੁਖੈਣ (ਸਰਲ) ਹੋਣ ਕਰਕੇ ਅਤੇ ਬੰਦਸ਼ਾਂ ਕੇਵਲ ਇਕ ਮਾਤਰਾ ਵਿਚ ਲਿਖਣ ਸਦਕਾ ਵਿਦਿਆਰਥੀ ਵਾਜੇ ਤੇ ਵਜਾਉਣ ਵਿਚ ਔਕੜ ਮਹਿਸੂਸ ਨਹੀਂ ਕਰਦੇ ਅਤੇ ਤਾਲ ਵੀ ਆਮ ਪ੍ਰਚਲਤ ਵਰਤੇ ਹਨ। ਸ਼ਬਦਾਂ ਦੀ ਚੋਣ ਭਾਵੁਕ ਅਤੇ ਰੀਤਾਂ ਦੀਆਂ ਸੁਰਾਂ ਸ਼ਬਦਾਂ ਨਾਲ ਇਤਨੀਆਂ ਮੇਲ ਖਾਂਦੀਆਂ ਹਨ ਕਿ ਕੀਰਤਨ ਕਰਨ ਅਤੇ ਸੁਨਣ ਵਾਲਿਆਂ ਨੂੰ ਪ੍ਰਭਾਵਿਤ ਕਰਨੋਂ ਨਹੀਂ ਰਹਿੰਦੀਆਂ। 'ਸਰਲ' ਜੀ ਦੀਆਂ ਪੁਸਤਕਾਂ ਵਿਚੋਂ ਬੰਦਸ਼ਾਂ ਦਾ ਅਭਿਆਸ ਕਰਕੇ ਕਈ ਵਿਦਿਆਰਥੀਆਂ ਨੇ ਰੇਡੀਓ ਤੇ ਸ਼ਬਦ ਗਾਇਨ ਕਰਕੇ ਮਾਣ ਪ੍ਰਾਪਤ ਕੀਤਾ ਹੈ ਇਹਨਾਂ ਗੁਣਾਂ ਸਦਕਾ ਹੀ ਵਿਦਿਆਰਥੀ ਮਾਰਕੀਟ ਵਿਚ ਆਈ 'ਸਰਲ' ਜੀ ਦੀ ਹਰ ਪੁਸਤਕ ਨੂੰ ਬੜੇ ਚਾਅ ਨਾਲ ਖਰੀਦਦੇ ਹਨ ਅਤੇ ਜਲਦੀ

ਸਾਰੇ ਸ਼ਬਦ ਵਾਜੇ ਤੇ ਸਿੱਖਣ ਉਪਰੰਤ ਨਵੀਂ ਪੁਸਤਕ ਸੰਬੰਧੀ ਚਿੱਠੀਆਂ ਰਾਹੀਂ ਪੁੱਛਦੇ ਰਹਿੰਦੇ ਅਤੇ ਬੜੀ ਹੀ ਬੇ-ਸਬਰੀ ਨਾਲ ਉਡੀਕ ਕਰਦੇ ਰਹਿੰਦੇ ਹਨ।

ਵੈਸੇ ਤਾਂ ਸਰਲ ਜੀ ਨੇ ਵੱਖ-ਵੱਖ ਵਿਸ਼ਿਆਂ ਤੇ ਬੇਅੰਤ ਪੁਸਤਕਾਂ ਲਿਖੀਆਂ ਹਨ ਪਰ ਕੀਰਤਨ ਦੀ ਇਹ ਝਰਨਾਹਟ, 'ਸਰਲ ਕੀਰਤਨ ਪ੍ਰਣਾਲੀ' (ਜਿਸ ਦੀ ਕਿ ਵਿਦਿਆਰਥੀਆਂ ਨੂੰ ਚਰੋਕਣੀ ਉਡੀਕ ਸੀ) ਵਿਚ ਅਰਦਾਸ ਬੇਨਤੀਆਂ ਦੇ ਸ਼ਬਦਾਂ ਤੋਂ ਇਲਾਵਾ ਗੁਰਪੁਰਬਾਂ ਨਾਲ ਸੰਬੰਧਤ ਸ਼ਬਦ ਅਤੇ ਅਨੰਦ ਕਾਰਜ ਦੇ ਸਾਰੇ ਸ਼ਬਦਾਂ ਦੀਆਂ ਬੰਧਸ਼ਾਂ ਲਿਖ ਕੇ ਸੰਗੀਤ ਦੀਆਂ ਪੁਸਤਕਾਂ ਵਿਚ ਇਕ ਵੇਰ ਫਿਰ ਮੀਲ ਪੱਥਰ ਗੱਡ ਕੇ ਅਤੇ ਵਿਦਿਆਰਥੀਆਂ ਦੀ ਬਹੁਤ ਵੱਡੀ ਲੋੜ ਨੂੰ ਪੂਰਿਆਂ ਕਰਕੇ ਗੁਰ-ਸੰਗਤਾਂ ਦੀ ਖੁਸ਼ੀ ਪ੍ਰਾਪਤ ਕਰ ਰਹੇ ਹਨ।

ਗੁਰਮੁਖਿ ਬੁਢੇ ਕਦੇ ਨਾਹੀ, ਜਿਨਾ ਅੰਤਰਿ ਸੁਰਤਿ ਗਿਆਨੁ॥

(ਪੰਨਾ ੧੩੧੮)

ਦੇ ਮਹਾਂਵਾਕ ਅਨੁਸਾਰ 'ਸਰਲ' ਜੀ ਇਸ ਅਵਸਥਾ ਵਿਚ ਵੀ ਸਮੇਂ ਦੀ ਸੰਭਾਲ ਸੁਯੋਗ ਤਰੀਕੇ ਨਾਲ ਕਰਦੇ ਹੋਏ ਹਰ ਪਲ ਸੰਗਤਾਂ ਦੀ ਸੇਵਾ ਵਿਚ ਨਿਭਾਉਣ ਦਾ ਯਤਨ ਕਰਦੇ ਰਹਿੰਦੇ ਹਨ। ਨਿਤਨੇਮ, ਕਥਾ, ਕੀਰਤਨ ਅਤੇ ਸਿਮਰਨ ਕਰਨ ਕਰਾਉਣ ਤੋਂ ਇਲਾਵਾ ਆਪ ਜੀ, ਲੇਖਣੀ ਰਾਹੀਂ ਹੋਰ ਵੀ ਸੇਵਾ ਕਰਨ ਲਈ ਤੱਤਪਰ ਹਨ ਅਤੇ ਸਾਨੂੰ ਵੀ ਇਹਨਾਂ ਪਾਸੋਂ ਬਹੁਤ ਅਮੋਲਕ ਖਜ਼ਾਨੇ ਮਿਲਣ ਦੀ

ਪੂਰਨ ਆਸ ਹੈ। ਸੰਗਤਾਂ ਇਹਨਾਂ ਦੀ ਦੀਰਘ ਆਯੂ ਅਤੇ ਹਰ ਪ੍ਰਕਾਰ ਦੀ ਚੜ੍ਹਦੀ ਕਲਾ ਹਿੱਤ ਅਰਦਾਸ ਕਰਨ ਤਾਂ ਕਿ ਇਹ ਸੰਤ ਬਾਬਾ ਜੀ ਵੱਧ ਤੋਂ ਵੱਧ ਤਨ ਮਨ ਧਨ ਰਾਹੀਂ ਸੰਗਤਾਂ ਦੀ ਸੇਵਾ ਕਰ ਸਕਣ। ਅੰਤ ਵਿਚ ਧੰਨਵਾਦੀ ਹਾਂ ਵੀਰ ਹਰਦੀਪ ਸਿੰਘ ਜੀ ਪੁਸਤਕਾਂ ਵਾਲਿਆਂ ਦਾ ਜੋ ਕਿ ਸੰਤਾਂ ਵੱਲੋਂ ਮਿਲੀ ਸੰਗੀਤਕ ਖੁਸ਼ਬੋ ਨੂੰ ਸੰਗਤਾਂ ਤਕ ਪਹੁੰਚਾ ਰਹੇ ਹਨ।

ਇਸ ਪੁਸਤਕ ਨੂੰ ਪ੍ਰਾਪਤ ਕਰਨ ਅਤੇ ਵਿਸਥਾਰ ਸਹਿਤ ਹੋਰ ਜਾਣਕਾਰੀ ਹਾਸਲ ਕਰਨ ਦੇ ਚਾਹਵਾਨ, ਹੇਠ ਲਿਖੇ ਪਤੇ ਤੇ ਮਿਲ ਕੇ ਜਾਂ ਡਾਕ ਰਾਹੀਂ ਸੰਪਰਕ ਕਰ ਸਕਦੇ ਹਨ।

ਸੰਗਤਾਂ ਦਾ ਦਾਸਰਾ :-

**ਮਨੋਹਰ ਸਿੰਘ 'ਦਰਦੀ'**

ਇੰਚਾਰਜ, ਗੁਰੂ ਨਾਨਕ ਕੀਰਤਨ ਮਿਸ਼ਨ

ਜੰਡਿਆਲਾ ਰੋਡ, ਤਰਨ ਤਾਰਨ

ਪਿੰਨ : 143401

# ਜਨਮ ਸਾਖੀ ਸ੍ਰੀ ਗੁਰੂ ਅਰਜੱਨ ਦੇਵ ਜੀ

ਗੁਰੂ ਨਾਨਕ ਕੀਰਤਨ ਮਿਸ਼ਨ ਦੇ ਇੰਚਾਰਜ ਭਾਈ ਮਨੋਹਰ ਸਿੰਘ 'ਦਰਦੀ' ਵਲੋਂ ਬੜੀ ਮਿਹਨਤ ਅਤੇ ਲਗਨ ਸਹਿਤ ਤਿਆਰ ਕੀਤੀ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੀਵਨੀ ਅਤੇ ਉਹਨਾਂ ਵਲੋਂ ਵਰੋਸਾਏ ਪਵਿੱਤਰ ਸ਼ਹਿਰ ਸ੍ਰੀ ਤਰਨ ਤਾਰਨ ਸਾਹਿਬ ਦਾ ਵਿਸਥਾਰ ਸਹਿਤ ਇਤਿਹਾਸ ਜਾਨਣ ਹਿਤ ਇਸ ਪੁਸਤਕ ਦਾ ਹਰ ਘਰ ਵਿਚ ਹੋਣਾ ਅਤੀ ਜ਼ਰੂਰੀ ਹੈ।

ਹਰ ਪ੍ਰਕਾਰ ਦੀਆਂ ਪੁਸਤਕਾਂ ਮੰਗਵਾਉਣਾ ਦਾ ਪਤਾ :-

**ਉੱਤਮ ਸਿੰਘ, ਗੁਰਬਚਨ ਸਿੰਘ ਪੁਸਤਕਾਂ ਵਾਲੇ**

39, ਘੰਟਾ ਘਰ ਮਾਰਕੀਟ, ਅੰਮ੍ਰਿਤਸਰ।

# ਤ ਤ ਕ ਰਾ


ਸੰਗੀਤਕ ਨਿਸ਼ਾਨੀਆਂ ੯
ਤਾਲ ਦੀਆਂ ਨਿਸ਼ਾਨੀਆਂ ੧੦
ਹਰਮੋਨੀਅਮ ਦੀਆਂ ਸੁਰਾਂ ਬਾਰੇ ੧੧
ਤਿੰਨਾਂ ਸਪਤਕਾਂ ਦੀ ਜਾਣਕਾਰੀ ੧੩
ਨਕਸ਼ਾ ਕੋਮਲ, ਤੀਬਰ ਇਸਤਰੀਆਂ ਵਾਸਤੇ ੧੪
ਨਕਸ਼ਾ ਕੋਮਲ, ਤੀਬਰ ਮਰਦਾਂ ਵਾਸਤੇ ੧੫
ਨਕਸ਼ ਸਪਤਕ, (ਸਰਗਮ) ੧੨
ਨਕਸ਼ਾ ਤਿੰਨੇ ਸਪਤਕ ੧੩
ਤਾਲਾਂ ਬਾਰੇ ਜਾਣਕਾਰੀ ੧੭
ਰਾਗਾਂ ਦੇ ਜਾਤੀ-ਭੇਦ ਦੀ ਜਾਣਕਾਰੀ ੧੮
ਕੁਝ ਜ਼ਰੂਰੀ ਗੱਲਾਂ ਯਾਦ ਰੱਖਣ ਵਾਲੀਆਂ ੧੯
ਦਸਾਂ ਠਾਠਾਂ ਦਾ ਵੇਰਵਾ ੨੦


## ਪਹਿਲਾ ਭਾਗ


ਸ਼ਬਦ ਗੁਰਪੁਰਬਾਂ ਸੰਬੰਧੀ
ਅਤੇ ਬੇਨਤੀ ਦੇ ਸ਼ਬਦ ਪੰਨਾ ੨੧ ਤੋਂ ੮੭


## ਭਾਗ ਦੂਜਾ


ਅਨੰਦ ਕਾਰਜ ਕੀਰਤਨ, ਵਿਆਹ ਦੀਆਂ
ਸਾਰੀਆਂ ਰਸਮਾਂ ਅਤੇ
ਸ਼ੁਕਰਾਨੇ ਦੇ ਸ਼ਬਦ ਪੰਨਾ ੮੮ ਤੋਂ ੧੨੮
ਸ਼ਬਦਾਂ ਦਾ ਵੇਰਵਾ ਅਤੇ ਉਹਨਾਂ ਦੀਆਂ ਬੰਦਸ਼ਾਂ
ਅੱਖਰਾਂ ਦੀ ਤਰਤੀਬ ਅਨੁਸਾਰ) (ਨੋਟੇਸ਼ਨ)
ਊਚ ਅਪਾਰ ਬੇਅੰਤ ਸੁਆਮੀ ੯੪
ਉਸਤਤਿ ਨਿੰਦਾ ਨਾਨਕ ਜੀ ੧੦੫
ਗੁਰਸਿਖਾ ਮਨਿ ਵਾਧਾਈਆ ੧੧੮

| | |
|---|---|
| ਅਉਖੀ ਘੜੀ ਨ | ੮੨ |
| ਅੰਤਰ ਮੈਲ ਜੇ ਤੀਰਥ | ੩੧ |
| ਅਨੰਦ ਭਇਆ ਮੇਰੀ ਮਾਏ | ੧੨੬ |
| ਆਪੇ ਪਾਵਕ ਆਪੇ | ੭੨ |
| ਸਹ ਕੀ ਸਾਰ ਸੁਹਾਗਣਿ | ੪੪ |
| ਸੁਣੀ ਪੁਕਾਰ | ੨੫ |
| ਸਤਿਗੁਰ ਨਾਨਕ | ੨੭ |
| ਹਮ ਮੈਲੇ ਤੁਮ | ੭੫ |
| ਹਰਿ ਕੀ ਗਤਿ | ੫੫ |
| ਹਰਿ ਪਹਿਲੜੀ ਲਾਵ | ੧੦੮ |
| ਹਰਿ ਪ੍ਰਭੁ ਕਾਜੁ | ੪੧ |
| ਕੋਊ ਹਰਿ ਸਮਾਨ | ੧੯ |
| ਕਿਰਪਾ ਕਰਹੁ | ੯੭ |
| ਕੀਰਤ ਪ੍ਰਭੁ ਕੀ | ੬੬ |
| ਕੀਤਾ ਲੋੜੀਐ ਕੰਮ | ੧੦੩ |
| ਗੁਰਸਿਖਾਂ ਮਨਿ ਵਾਧਾਈਆ | ੧੧੮ |
| ਗੁਰ ਪੂਰੇ ਕਿਰਪਾ ਧਾਰੀ | ੩੮ |
| ਗੁਰ ਪੂਰੇ ਮੇਰੀ ਰਾਖਿ ਲਈ | ੯੪ |
| ਜੈਸਾ ਸਤਿਗੁਰ ਸੁਣੀਦਾ | ੧੦੧ |
| ਜਿਸ ਕੇ ਸਿਰ ਊਪਰਿ | ੬੧ |
| ਢੋਲ ਮ੍ਰਿਦੰਗ ਬਜੇ | ੧੨੩ |
| ਤੂੰ ਦਰਿਆਉ ਦਾਨਾ ਬੀਨਾ | ੪੬ |
| ਤੂੰ ਮੇਰਾ ਪਿਤਾ | ੫੧ |
| ਤੂੰ ਮੇਰਾ ਤਰੰਗ | ੨੩ |
| ਤੁਧ ਚਿਤ ਆਏ | ੭੮ |
| ਤੁਮ ਦਾਤੇ ਠਾਕੁਰ | ੪੮ |
| ਧਰਣਿ ਸੁਵੰਨੀ | ੮੯ |
| ਪੂਰੀ ਆਸਾ ਜੀ ਮਨਸਾ ਮੇਰੇ ਰਾਮ | ੧੧੫ |
| ਭੂਲੇ ਮਾਰਗ ਜਿਨਹਿ | ੨੯ |
| ਮਿਹਰਵਾਨ ਸਾਹਿਬੁ | ੬੯ |
| ਰਾਜਨ ਮਹਿ ਤੂੰ ਰਾਜਾ | ੫੩ |
| ਵਿਆਹ ਹੋਆ ਮੇਰੇ ਬਾਬੁਲਾ | ੧੨੦ |
| ਵਡੀ ਹੂ ਵਡਾ ਅਪਾਰੁ | ੧੨੧ |

# ਇਸ ਪੁਸਤਕ ਵਿਚ ਵਰਤੀਆਂ ਸੰਗੀਤਕ ਨਿਸ਼ਾਨੀਆਂ ਬਾਰੇ ਜਾਣਕਾਰੀ

ੑ ਸੁਰ ਦੇ ਥਲੇ ਹੋਵੇ ਤਾਂ ਸੁਰ ਮੰਦ੍ਰ ਸਪਤਕ ਦੀ ਹੈ ਜਿਵੇਂ:—

ਸਾ ਰੇ ਗਾ ਮਾ ਪਾ ਧਾ ਨੀ
ੑ ੑ ੑ ੑ ੑ ੑ ੑ

ਸੁਰ ਦੇ ਉਪਰ ਹੋਵੇ ਤਾਂ ਸੁਰ ਤਾਰ ਸਪਤਕ ਦੀ ਹੈ ਜਿਵੇਂ:—

ੑ ੑ ੑ ੑ ੑ ੑ ੑ
ਸਾ ਰੇ ਗਾ ਮਾ ਪਾ ਧਾ ਨੀ

˘ ਅੱਧੇ ਚੰਦ ਦੀ ਨਿਸ਼ਾਨੀ ਕੋਮਲ ਸੁਰ ਦਰਸਾਉਂਦੀ ਹੈ ਜਿਵੇਂ:—

ਰੇ ਗਾ ਧਾ ਨੀ

। ਮਾ ਮੱਧਮ (ਮਾ) ਤੇ ਖੜੀ ਲਕੀਰ ਮੱਧਮ ਤੀਬਰ ਦੀ ਨਿਸ਼ਾਨੀ ਹੈ।

**S** ਜਿਸ ਅੱਖਰ ਦੇ ਅੱਗੇ ਇਹ ਨਿਸ਼ਾਨੀ ਹੋਵੇ ਉਸ ਅੱਖਰ ਦੀ ਆਵਾਜ਼ ਨੂੰ ਲੰਮਾ ਕਰੋ ਜਿਵੇਂ ਵਾਹਿਗੁਰੂ ਜੀ **SSS** । ਏਥੇ 'ਜੀ' ਤਿੰਨ ਮਾਤਰਾਂ ਲੰਮਾ ਕਰਨਾ ਹੈ।

— ਡੈਸ਼ ਜਿਸ ਸੁਰ ਦੇ ਮਗਰੋਂ ਜਿੰਨੀ ਵਾਰੀ ਆਵੇ ਉਸ ਸੁਰ ਨੂੰ ਉਨੀਆਂ ਮਾਤਰਾਂ ਤੱਕ ਦਬਾਈ (ਨੱਪੀ) ਰੱਖਣਾ।

* ਜਿੱਥੇ ਫੁੱਲ ਆਵੇ ਉੱਥੇ ਚੁੱਪ ਰਹਿਣਾ ਹੈ।

# ਤਬਲੇ ਦੇ ਤਾਲ ਦੀਆਂ ਨਿਸ਼ਾਨੀਆਂ

X ਗੁਰੂ ਯਾ ਸਮ ਦੀ ਤਾਲੀ

O ਖਾਲੀ ਤਾਲੀ ਦਾ ਨਿਸ਼ਾਨ

੧. ਪਹਿਲੀ ਤਾਲੀ

੨. ਦੂਸਰੀ ਤਾਲੀ

੩. ਤੀਸਰੀ ਤਾਲੀ

— ਡੈਸ਼ ਸਿਰਫ਼ ਕਿਸੇ ਸੁਰ ਦੇ ਅੱਗੇ ਦਿੱਤਾ ਜਾਂਦਾ ਹੈ। ਇਹ ਜਿਸ ਸੁਰ ਦੇ ਅੱਗੇ ਆਵੇ, ਉਸ ਸੁਰ ਤੇ ਉੱਨੀਆਂ ਮਾਤਰਾਂ ਠਹਿਰਣਾ ਹੈ। ਜਿਵੇਂ:—ਸਾ ਰੇ ਗਾ - ਰੇ- - ਸਾ। ਗਾ ਅੱਗੇ ਇਕ ਡੈਸ਼ ਹੈ ਇਸ ਕਰਕੇ ਗਾ ਤੇ ਇਕ ਮਾਤਰਾ ਠਹਿਰਣਾ ਹੈ ਅੱਗੇ ਰੇ ਦੇ ਅੱਗੇ ਦੋ ਡੈਸ਼ ਹਨ ਇੱਥੇ ਦੋ ਮਾਤਰਾਂ ਹੋਰ ਠਹਿਰਣਾ ਹੈ।

# ਹਰਮੋਨੀਅਮ ਦੀਆਂ ਸੁਰਾਂ ਬਾਰੇ

ਹਰਮੋਨੀਅਮ ਸਾਢੇ ਤਿੰਨ ਸਪਤਕ ਦਾ ਹੁੰਦਾ ਹੈ।

ਹਰਮੋਨੀਅਮ ਦੇ ਇਕ ਸਪਤਕ ਵਿਚ ਚਾਰ ਸੁਰਾਂ ਕੋਮਲ ਹੁੰਦੀਆਂ ਹਨ ਅਤੇ ਚਾਰ ਸੁਰਾਂ ਤੀਬਰ, ਸਾ ਅਤੇ ਪਾ ਇਕੱਲੀਆਂ। ਕੋਮਲ ਸੁਰਾਂ ਦੇ ਅੱਧੇ ਚੰਦ ਦਾ ਨਿਸ਼ਾਨ ਹੁੰਦਾ ਹੈ। ਸਾ ਅਤੇ ਪਾ ਤੇ ਕੋਈ ਨਿਸ਼ਾਨ ਨਹੀਂ ਹੁੰਦਾ। ਕੋਮਲ ਮਾ ਤੇ ਕੋਈ ਨਿਸ਼ਾਨੀ ਨਹੀਂ ਹੁੰਦੀ ਅਤੇ ਤੀਬਰ ਮਾ ਤੇ ਖੜੀ ਲਕੀਰ ਹੁੰਦੀ ਹੈ ਜਿਵੇਂ:—

| | | | | | | | | | | | |
|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ |
| ਸਾ | ਰੇ̮ | ਰੇ | ਗਾ̮ | ਗਾ | ਮਾ | ਮਾ | ਪਾ | ਧਾ̮ | ਧੀ | ਨੀ̮ | ਨੀ |
| | | | | | | \| | | | | | |

# ਨਕਸ਼ਾ ਇਕ ਸਪਤਕ



# ਤਿੰਨਾਂ ਸਪਤਕਾਂ ਦੀ ਜਾਣਕਾਰੀ ਅਤੇ ਨਕਸ਼ਾ ਪੰਨਾ ੧੯ ਉਪਰ

| | | | | | | | | | | | | |
|---|---|---|---|---|---|---|---|---|---|---|---|---|
| | | | | | | \| | | | | | | |
| ਸਾ | ਰੁ | ਰੇ | ਗੁਾ | ਗਾ | ਮਾ | ਮਾ | ਪਾ | ਧੁਾ | ਧਾ | ਨੁੀ | ਨੀ | ਮੰਦਰਸਪਤਕ |
| ○ | ○ | ○ | ○ | ○ | ○ | ○ | ○ | ○ | ○ | ○ | ○ | |
| | | | | | | \| | | | | | | |
| ਸਾ | ਰੁ | ਰੇ | ਗੁਾ | ਗਾ | ਮਾ | ਮਾ | ਪਾ | ਧੁਾ | ਧਾ | ਨੁੀ | ਨੀ | ਮੱਧ ਸਪਤਕ |
| | | | | | | \| | | | | | | |
| ○ | ○ | ○ | ○ | ○ | ○ | ○ | ○ | ○ | ○ | ○ | | |
| ਸਾ | ਰੁ | ਰੇ | ਗੁਾ | ਗਾ | ਮਾ | ਮਾ | ਪਾ | ਧੁਾ | ਧਾ | ਨੁੀ | ਨੀ | ਤਾਰ ਸਪਤਕ |

ਨੋਟ:— ਮੰਦਰ ਸਪਤਕ ਦੇ ਥੱਲੇ ਬਿੰਦੀ ਦਾ ਨਿਸ਼ਾਨ ਹੁੰਦਾ ਹੈ।

ਮੱਧ ਸਪਤਕ ਤੇ ਕੋਈ ਨਿਸ਼ਾਨ ਨਹੀਂ ਹੁੰਦਾ ਹੈ।

ਤਾਰ ਸਪਤਕ ਦੇ ਉਤੇ ਬਿੰਦੀ ਦਾ ਨਿਸ਼ਾਨ ਹੁੰਦਾ ਹੈ।

# ਨਕਸ਼ਾ ਕੋਮਲ ਤੀਬਰ ਸੁਰਾਂ ਇਸਤ੍ਰੀਆਂ ਵਾਸਤੇ— ਮਧ ਸਪਤਕ

## ਮਦ ਸਪਤਕ ਤਾਰ



# ਨਕਸ਼ਾ ਕੋਮਲ ਤੀਬਰ ਸੁਰ ਮਰਦਾਂ ਵਾਸਤੇ– ਮਧ ਸਪਤਕ



ਪਹਿਲਾ ਮੰਦਰ ਸਪਤਕ    ਦੂਸਰਾ ਮੱਧ ਸਪਤਕ    ਤੀਸਰਾ ਤਾਰ ਸਪਤਕ



# ਤਾਲਾਂ ਬਾਰੇ

ਇਸ ਪੁਸਤਕ ਦੀਆਂ ਬੰਦਸ਼ਾਂ ਹੇਠ ਲਿਖੇ ਤਾਲਾਂ ਵਿਚ ਕੀਤੀਆਂ ਗਈਆਂ ਹਨ।

| | | | | | | | | |
|---|---|---|---|---|---|---|---|---|
| ਤਾਲ ਕਹਿਰਵਾ | ੧ | ੨ | ੩ | ੪ | ੫ | ੬ | ੭ | ੮ |
| | X | | | | | | | |
| | ਧਾ | ਗੇ | ਨ | ਤਿ | ਨ | ਕ | ਧਿੰ | ਨਾ |
| ਤਾਲ ਦਾਦਰਾ | ੧ | ੨ | ੩ | ੪ | ੫ | ੬ | | |
| | X | | | | | | | |
| | ਧਾ | ਧਿੰ | ਧਾ | ਧਾ | ਤਿੰ | ਤਾ | | |
| ਰੂਪਕ ਤਾਲ | ੧ | ੨ | ੩ | ੪ | ੫ | ੬ | ੭ | |
| | O | | | ੧ | | ੨ | | |
| | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ | |

# ਤਿੰਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| X | | | | ੨ | | | | O | | | | | | | |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |

# ਰਾਗ ਜਾਤੀ ਭੇਦ

ਰਾਗ ਕੋਮਲ ਅਤੇ ਤੀਬਰ ਦੇ ਮੇਲ ਤੋਂ ਬਣਦਾ ਹੈ। ਹਰ ਰਾਗ ਵਿਚ ਅਰੋਹੀ ਅਤੇ ਅਵਰੋਹੀ ਹੁੰਦੀ ਹੈ। ਕਈ ਰਾਗਾਂ ਦੀ ਅਰੋਹੀ ਯਾ ਅਵਰੋਹੀ ਵਿਚ ਇਕ ਜਾਂ ਦੋ ਸੁਰਾਂ ਲਾਉਣ ਦੀ ਮਨਾਹੀ ਹੁੰਦੀ ਹੈ। ਅਰੋਹੀ ਅਤੇ ਅਵਰੋਹੀ ਦੀਆਂ ਸੁਰਾਂ ਦੀ ਗਿਣਤੀ ਅਨੁਸਾਰ ਰਾਗਾਂ ਨੂੰ ਤਿੰਨ ਜਾਤਾਂ ਵਿਚ ਵੰਡਿਆ ਗਿਆ ਹੈ, ਜਿਸ ਦਾ ਵੇਰਵਾ ਹੇਠ ਦਿੱਤਾ ਜਾ ਰਿਹਾ ਹੈ:–

੧. ਸੰਪੂਰਨ। ਸੱਤਾਂ ਸੁਰਾਂ ਤਾ ਰਾਗ

੨. ਖਾੜਵ। ਛੇ ਸੁਰਾਂ ਦਾ ਰਾਗ

੩. ਔਡਵ। ਪੰਜਾਂ ਸੁਰਾਂ ਦਾ ਰਾਗ

ਨੋਟ:– ਹੋਰ ਵਿਸਥਾਰ ਸਰਲ ਕੀਰਤਨ ਸਿੱਖਿਆ ਵਿਚ ਪੜ੍ਹੋ।

# ਯਾਦ ਰੱਖਣ ਵਾਲੀਆਂ ਗੱਲਾਂ

ਅਰੋਹੀ : ਥੱਲੇ ਤੋਂ ਉਪਰ ਵੱਲ ਸੁਰਾਂ ਦਾ ਵਜਾਉਣਾ, ਜਿਵੇਂ ਕਿ:—

ਸਾ ਰੇ ਗਾ ਮਾ ਪਾ ਧਾ ਨੀ ਸਾਂ

ਅਵਰੋਹੀ : ਉੱਪਰ ਤੋਂ ਥੱਲੇ ਵੱਲ ਸੁਰਾਂ ਦਾ ਵਜਾਉਣਾ, ਜਿਵੇਂ ਕਿ:—

ਸਾਂ ਨੀ ਧਾ ਪਾ ਮਾ ਗਾ ਰੇ ਸਾ

ਅਸਥਾਈ : ਸ਼ਬਦ ਦੀ ਪਹਿਲੀ ਤੁਕ ਜੋ ਘੜੀ ਮੁੜੀ ਗਾਈ ਜਾਂਦੀ ਹੈ। ਕਈ ਵਾਰੀ ਇਹ "ਰਹਾਉ" ਵਾਲੀ ਤੁਕ ਹੁੰਦੀ ਹੈ।

ਅੰਤਰਾ : ਸ਼ਬਦ ਦੀਆਂ ਉਹ ਪੰਗਤੀਆਂ ਜੋ ਅਸਥਾਈ ਤੋਂ ਬਾਦ ਗਾਈਆਂ ਜਾਂਦੀਆਂ ਹਨ। ਹਰ ਇਕ ਸਰਗਮ ਵਿਚ ਇਕੋ ਹੀ ਅਸਥਾਈ ਹੁੰਦੀ ਹੈ ਅਤੇ ਕਈ ਅੰਤਰੇ ਹੋ ਸਕਦੇ ਹਨ। ਜਿਵੇਂ ਜਿੰਨੀਆਂ ਸ਼ਬਦ ਦੀਆਂ ਪੰਗਤੀਆਂ ਹੋਣਗੀਆਂ, ਪਹਿਲੀ ਪੰਗਤੀ ਅਸਥਾਈ ਵਾਲੀ ਛੱਡ ਕੇ ਬਾਕੀ ਸਭ ਅੰਤਰੇ ਦੀਆਂ ਤੁਕਾਂ ਗਿਣੀਆਂ ਜਾਣਗੀਆਂ।

ਵਾਦੀ ਸੁਰ : ਰਾਗ ਦੀ ਮੁਖ ਸੁਰ ਜੋ ਬਾਰ ਬਾਰ ਲਗਾਈ ਜਾਂਦੀ ਹੈ।

ਸੰਵਾਦੀ ਸੁਰ : ਰਾਗ ਦੀ ਸਹਾਇਕ ਸੁਰ ਜੋ ਵਾਦੀ ਸੁਰ ਤੋਂ ਘਟ ਲੱਗਦੀ ਹੈ।

# ਦਸਾਂ ਠਾਠਾਂ ਦਾ ਵੇਰਵਾ

| ਨੰ: | ਨਾਮ ਠਾਠ | ਸੁਰਾਂ | | | | | | | |
|---|---|---|---|---|---|---|---|---|---|
| ੧ | ਭੈਰਵੀ | ਸਾ | ਰੇ̱ | ਗਾ̱ | ਮਾ | ਪਾ | ਧਾ̱ | ਨੀ̱ | ਸਾਂ |
| ੨ | ਆਸਾਵਰੀ | ਸਾ | ਰੇ | ਗਾ̱ | ਮਾ | ਪਾ | ਧਾ̱ | ਨੀ̱ | ਸਾਂ |
| ੩ | ਕਾਫ਼ੀ | ਸਾ | ਰੇ | ਗਾ̱ | ਮਾ | ਪਾ | ਧਾ | ਨੀ̱ | ਸਾਂ |
| ੪ | ਖਮਾਜ | ਸਾ | ਰੇ | ਗਾ | ਮਾ | ਪਾ | ਧਾ | ਨੀ̱ | ਸਾਂ |
| ੫ | ਬਿਲਾਵਲ | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| ੬ | ਕਲਿਆਨ | ਸਾ | ਰੇ | ਗਾ | ਮਾ̍ | ਪਾ | ਧਾ | ਨੀ | ਸਾਂ |
| ੭ | ਮਾਰਵਾ | ਸਾ | ਰੇ̱ | ਗਾ | ਮਾ̍ | ਪਾ | ਧਾ | ਨੀ | ਸਾਂ |
| ੮ | ਟੋਡੀ | ਸਾ | ਰੇ̱ | ਗਾ̱ | ਮਾ̍ | ਪਾ | ਧਾ̱ | ਨੀ | ਸਾਂ |
| ੯ | ਪੂਰਬੀ | ਸਾ | ਰੇ̱ | ਗਾ | ਮਾ̍ | ਪਾ | ਧਾ̱ | ਨੀ | ਸਾਂ |
| ੧੦ | ਭੈਰਉ | ਸਾ | ਰੇ̱ | ਗਾ | ਮਾ | ਪਾ | ਧਾ̱ | ਨੀ | ਸਾਂ |

# ਪਹਿਲਾ ਭਾਗ

(੧) * 'ਬੇਨਤੀ ਦੇ ਸ਼ਬਦ' ਦੀਆਂ ਸਰਗਮਾਂ ਤੇ ਸ਼ਬਦ ਗੁਰਬਾਣੀ

(੨) ** ਗੁਰਪੁਰਬਾਂ ਤੇ ਪੜ੍ਹੇ ਜਾਣ ਵਾਲੇ ਸ਼ਬਦ "ਪਹਿਲੀ ਪਾਤਸ਼ਾਹੀ"

(੩) *** ਰਾਗਾਂ ਦੀ ਜਾਣਕਾਰੀ

## ਧੁਨੀ

### ਵਾਹਿਗੁਰੂ ਜੀ, ਸਤਿਨਾਮੁ ਜੀ

### ਤਾਲ ਕਹਿਰਵਾ ਅੱਠ ਮਾਤਰਾਂ

| | | | | | | | |
|---|---|---|---|---|---|---|---|
| X | | | | 0 | | | |
| ੧ | ੨ | ੩ | ੪ | ੫ | ੬ | ੭ | ੮ |
| ਸਾ | ਸਾ | ਰੇ | ਰੇ | ਗਾ | ਗਾ | ਗਾ | ਗਾ |
| ਵਾ | ਹਿ | ਗੁ | ਰੂ | ਜੀ | S | S | S |
| ਸ | ਤਿ | ਨਾ | ਮੁ | ਜੀ | S | S | S |

## ਆਸਾ ਮਹਲਾ ੫ ॥

ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥੧॥

ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ ॥

ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥੨॥

ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥੩॥

ਅਨਦਿਨੁ ਜਪਉ ਨਾਮ ਗੁਣਤਾਸਿ ॥ ਨਾਨਕ ਕੀ ਪ੍ਰਭ ਪਹਿ ਅਰਦਾਸਿ ॥੪॥ (ਪੰਨਾ ੩੮੯)

# ਤਾਲ ਕਹਿਰਵਾ ਅੱਠ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| | X | | | | o | | | |
| | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਸਾ | ਸਾ | ਰੇ | ਗਾ | ਰੇ | – | ਰੇ | – |
| | ਤੂ | S | ਮੇ | ਰਾ | ਕ | ਰ | ਤਾ | ਹਉ |
| | ਸਾ | ਸਾ | ਰੇ | ਗਾ | ਰੇ | – | ਰੇ | – |
| | ਸੇ | S | ਵ | ਕ | ਤੇ | S | ਰਾ | S |
| | ਮਾ | ਮਾ | ਮਾ | ਮਾ | ਗਾ | – | ਸਾ | ਰੇ |
| | ਸ | ਰ | ਨ | ਗ | ਹੀ | S | ਪ੍ਰ | ਭਿ |
| | ਗਾ | ਗਾ | ਰੇ | ਰੇ | ਸਾ | – | ਸਾ | – |

| | | | | | | | | |
|---|---|---|---|---|---|---|---|---|
| | ਗੁ | S | ਨੀ | ਗ | ਹੇ | S | ਰਾ | S |
| ਅੰਤਰਾ : | ਪਾ | ਪਾ | ਪਾ | ਪਾ | ਪਾ | – | ਪਾ | – |
| | | | | | o | | | |
| | ਤੂ | ਮੇ | ਰਾ | ਤ | ਰੰ | ਗ | ਹ | ਮ |
| | ਪਾ | ਧਾ | ਪਾ | ਮਾ | ਗਾ | ਮਾ | ਪਾ | – |
| | ਮੀ | S | ਨ | ਤੁ | ਮਾ | S | ਰੇ | S |
| | ਪਾ | ਧਾ | ਪਾ | ਮਾ | ਗਾ | ਰੇ | ਗਾ | S |
| | ਤੂ | S | ਮੇ | ਰਾ | ਠਾ | ਕੁਰੁ | ਹ | ਮ |
| | ਮਾ | ਗਾ | ਰੇ | ਸਾ | ਰੇ | – | ਸਾ | – |
| | ਤੇ | S | ਰੇ | S | ਦੁਆ | S | ਰੇ | S |

### ਵਾਰ ੧ ਪਉੜੀ ੨੩

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੂ ਨਾਨਕ ਜਗ ਮਾਹਿ ਪਠਾਇਆ।।
ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤ ਸਿਖਾਂ ਪਿਲਾਇਆ।।
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ।।
ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ।।
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ।।
ਉਲਟਾ ਖੇਲੁ ਪਿਰਮ ਦਾ, ਪੈਰਾਂ ਉਪਰਿ ਸੀਸੁ ਨਿਵਾਇਆ।।
ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ।।
ਕਲਿ ਤਾਰਣ ਗੁਰ ਨਾਨਕ ਆਇਆ ।। ੨੩।।

## ਤਾਲ ਕਹਿਰਵਾ ਅੱਠ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| | X | | | | 0 | | | |
| | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਸਾ | ਸਾ | ਰੇ | ਗਾ | ਗਾ | ਗਾ | - | - |

| | | | | | | | | |
|---|---|---|---|---|---|---|---|---|
| | ਗੁ | ਰੁ | ਨਾ | ਨ | ਕ | ਜ | ਗ | S |
| | ਮਾ | ਹਿ | ਪ | ਠਾ | ਇ | ਆ | S | S |
| | ਸਾ | ਗਾ | ਰੇ | ਸਾ | ਨੀ | ਧਾ | ਨੀ | – |
| | | | | | o | o | o | |
| | ਗੁ | ਰੁ | ਨਾ | ਨ | ਕ | ਜ | ਗ | S |
| | ਸਾ | ਸਾ | ਸਾ | ਰੇ | – | ਸਾ | – | – |
| | ਮਾ | ਹਿ | ਪ | ਠਾ | ਇ | ਆ | S | S |
| ਅੰਤਰਾ : | ਪਾ | ਪਾ | ਪਾ | ਪਾ | – | ਮਾ | ਗਾ | – |
| | ਸੁ | ਣੀ | ਪੁ | ਕਾ | ਰ | ਸ | ਮ | S |
| | ਗਾ | ਮਾ | ਧਾ | ਪਾ | – | ਪਾ | – | – |
| | ਰ | ਬ | ਸੁ | ਆ | S | ਮੀ | S | S |
| | ਪਾ | ਧਾ | ਪਾ | ਮਾ | ਗਾ | ਰੇ | ਗਾ | – |
| | ਗੁ | ਰੁ | ਨਾ | ਨ | ਕ | ਜ | ਗ | S |
| | ਮਾ | ਗਾ | ਰੇ | ਸਾ | – | ਸਾ | – | – |
| | ਮਾ | ਹਿ | ਪ | ਠਾ | S | ਇ | ਆ | S |

## ਵਾਰ ੧ ਪਉੜੀ ੨੭

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ॥
ਸਿੰਘ ਬੁਕੇ ਮਿਰਗਾਵਲੀ, ਭੰਨੀ ਜਾਇ ਨ ਧੀਰਿ ਧਰੋਆ॥
ਜਿਥੈ ਬਾਬਾ ਪੈਰ ਧਰੈ, ਪੂਜਾ ਆਸਣੁ ਥਾਪਣਿ ਸੋਆ॥
ਸਿਧ ਆਸਣਿ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ॥
ਘਰਿ ਘਰਿ ਅੰਦਰ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ॥
ਬਾਬੇ ਤਾਰੇ ਚਾਰਿ ਚਕਿ, ਨਉਖੰਡਿ ਪ੍ਰਿਥਮੀ ਸਚਾ ਢੋਆ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ ੨੭॥

## ਤਾਲ ਕ਼ਹਿਰਵਾ ਅੱਠ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| | X | | | | | O | | |
| ਅਸਥਾਈ : | ੧ | ੨ | ੩ | ੪ | ੫ | ੬ | ੭ | ੮ |
| | ਸਾ | ਸਾ | ਰੇ | ਗਾ | – | ਗਾ | – | – |

| | | | | | | | | |
|---|---|---|---|---|---|---|---|---|
| | ਬਾ | S | ਬੇ | ਤਾ | S | ਰੇ | S | S |
| | ਗਾ | ਪਾ | ਧਾ | ਮਾ | – | ਮਾ | – | – |
| | ਚਾ | S | ਰ | ਚ | S | ਕ | S | S |
| | ਮਾ | ਗਾ | ਰੇ | ਸਾ | – | ਰੇ | – | – |
| | ਨੌ | ਖੰ | ਡ | ਪ੍ਰਿ | ਥ | ਮੀ | S | S |
| | ਮਾ | ਗਾ | ਰੇ | ਸਾ | – | ਸਾ | – | – |
| | ਸੱ | ਚਾ | S | ਢੋ | S | ਆ | S | S |
| ਅੰਤਰਾ : | ਪਾ | ਪਾ | ਪਾ | ਸਾ | – | ਧਾ | – | – |
| | ਸਤਿ | ਗੁ | ਰ | ਨਾ | S | ਨ | ਕ | S |
| | ਗਾ | ਮਾ | ਧਾ | ਪਾ | – | ਪਾ | – | – |
| | ਪ੍ਰ | ਗ | ਟਿ | ਆ | S | ਮਿ | ਟੀ | S |
| | ਪਾ | ਧਾ | ਪਾ | ਮਾ | ਗਾ | ਰੇ | ਗਾ | – |
| | ਧੁੰਧ | ਜ | ਗ | ਚਾ | S | ਨ | ਣ | S |
| | ਮਾ | ਗਾ | ਰੇ | ਸਾ | – | ਸਾ | – | – |
| | ਹੋ | S | S | ਆ | S | S | S | S |

**ਬਿਲਾਵਲੁ ਮਹਲਾ ੫॥**

ਭੂਲੇ ਮਾਰਗ ਜਿਨਹਿ ਬਤਾਇਆ॥ ਐਸਾ ਗੁਰੁ ਵਡਭਾਗੀ ਪਾਇਆ॥ ੧॥
ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥੧॥ਰਹਾਉ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ॥ ੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ॥ ਚਰਨ ਕਮਲ ਗੁਰਿ ਆਸ੍ਰਮੁ ਦੀਆ॥ ੩॥
ਅਗਨਿ ਸਾਗਰ ਬੂਡਤ ਸੰਸਾਰਾ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥ ੪॥

ਪੰਨਾ ੮੦੩-੪

| | | | | | | | | | |
|---|---|---|---|---|---|---|---|---|---|
| ਮੁਖ ਸੁਰਾਂ : | ਨੀ<br>੦ | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| ਅਸਥਾਈ : | ੧ | ੨ | ੩ | ੪ | ੫ | ੬ | ੭ | ੮ | |
| | ਸਾ | ਰੇ | ਗਾ | ਰੇ | - | ਸਾ | - | - | |
| | ਭੂ | ਲੇ | S | ਮਾ | S | ਰ | ਗ | S | |
| | ਰੇ | ਸਾ | ਨੀ<br>੦ | ਸਾ | - | ਰੇ | - | - | |

| | | | | | | | | |
|---|---|---|---|---|---|---|---|---|
| | ਜਿਨ | ਹਿ | ਬ | ਤਾ | S | ਇਆ | S | S |
| | ਮਾ | ਮਾ | ਮਾ | ਗਾ | – | ਰੇ | – | – |
| | ਐ | ਸਾ | S | ਗੁ | ਰ | ਵ | ਡ | S |
| | ਗਾ | ਰੇ | ਰੇ | ਸਾ | – | ਸਾ | – | – |
| | ਭਾ | ਗੀ | S | ਪਾ | S | ਇਆ | S | S |
| ਅੰਤਰਾ : | ਪਾ | ਮਾ | ਗਾ | ਮਾ | – | ਪਾ | – | – |
| | ਸਿਮ | ਰ | ਮ | ਨਾ | S | ਰਾ | ਮ | S |
| | ਧਾ | ਧਾ | ਨੀ | ਧਾ | – | ਪਾ | – | – |
| | ਨਾ | ਮ | ਚਿ | ਤਾ | S | ਰੇ | S | S |
| | ਪਾ | ਧਾਂ | ਪਾ | ਮਾ | ਗਾ | ਰੇ | ਗਾ | – |
| | ਬਸ | ਰ | ਹੇ | ਹਿਰ | ਦੇ | ਗੁਰ | ਚ | ਰ |
| | | | | | | | | (ਗੁਰਚਰਨ) |
| | ਮਾ | ਗਾ | ਰੇ | ਸਾ | – | ਸਾ | – | – |
| | ਨ | S | ਪਿ | ਆ | S | ਰੇ | S | S |

## ਆਸਾ (ਕਬੀਰ ਜੀਉ)

ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ॥ ੧॥
ਪੂਜਹੁ ਰਾਮੁ ਏਕੁ ਹੀ ਦੇਵਾ॥ਸਾਚਾ ਨਾਵਣੁ ਗੁਰ ਕੀ ਸੇਵਾ॥੧॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ॥ ੨॥
ਮਨਹੁ ਕਠੋਰੁ ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ॥ ੩॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ, ਤਹਾ ਬਸੈ ਨਿਰੰਕਾਰਾ॥
ਕਹਿ ਕਬੀਰ ਨਰ ਤਿਸਹਿ ਧਿਆਵਹੁ, ਬਾਵਰਿਆ ਸੰਸਾਰਾ॥੪॥੪॥੩੭॥

(ਪੰਨਾ ੪੮੪)

# ਤਾਲ ਦਾਦਰਾ ੬ ਮਾਤਰਾਂ

ਮੁਖ ਸੁਰਾਂ : ਸਾ ਰੇ ਗਾ ਮਾ ਪਾ ਧਾ ਨੀ ਸਾਂ

| | | | | | | |
|---|---|---|---|---|---|---|
| | X | | | o | | |
| ਅਸਥਾਈ : | ੧ | ੨ | ੩ | ੪ | ੫ | ੬ |
| | ਸਾ | ਰੇ | ਗਾ | ਰੇ | ਸਾ | – |
| | ਪੂ | ਜਹੁ | S | ਗ | ਮ | S |
| | ਰੇ | ਮਾ | ਪਾ | ਧਾ | – | – |
| | ਏ | ਕ | ਹੀ | ਦੇ | ਵਾ | S |
| | ਪਾ | ਧਾ | ਪਾ | ਮਾ | ਗਾ | ਰੇ |
| | ਸਾ | ਚਾ | S | ਨਾ | ਵ | ਨ |
| | ਗਾ | ਗਾ | ਰੇ | ਸਾ | – | – |
| | ਗੁਰ | ਕੀ | S | ਸੇ | ਵਾ | S |
| ਅੰਤਰਾ : | ਪਾ | ਪਾ | ਪਾ | ਧਾ | ਪਾ | ਪਾ |
| | ਅੰ | ਤ | ਰ | ਮੈ | ਲ | ਜੇ |
| | ਧਾ | ਸਾਂ | ਰੇ | ਗਾਂ | ਗਾਂ | – |
| | ਤੀ | ਰ | ਥ | ਨਾ | ਵੈ | S |

| | | | | | | |
|---|---|---|---|---|---|---|
| | ਰੈਂ | ਰੈਂ | ਰੈਂ | ਰੈਂ | ਰੈਂ | ਰੈਂ |
| | ਤਿਸ | ਬੈ | S | ਕੁੰ | ਠ | ਨ |
| | ਗਾਂ | ਰੈਂ | ਰੈਂ | ਸਾਂ | ਸਾਂ | – |
| | ਜਾ | S | S | ਨਾ | S | S |
| | ਸਾਂ | ਸਾਂ | ਨੀ | ਸਾ | ਸਾ | – |
| | ਲੋ | ਕ | ਪ | ਤੀ | ਨੈ | S |
| | ਪਾ | ਧਾ | ਮਾ | ਪਾ | ਧਾ | – |
| | ਕ | ਛੁ | ਨਾ | ਹੋ | ਵੈ | S |
| | ੧ | ੨ | ੩ | ੪ | ੫ | ੬ |
| | ਪਾ | ਧਾ | ਪਾ | ਮਾ | ਗਾ | ਰੇ |
| | ਨਾ | ਹੀ | S | ਰਾ | ਮ | ਅ |
| | ਗਾਂ | ਰੇ | ਰੇ | ਸਾ | ਸਾ | – |
| | ਧਾ | S | S | ਨਾ | S | S |
| ਅਸਥਾਈ : | ਸਾ | ਰੇ | ਗਾ | ਰੇ | ਸਾ | – |
| | ਪੂ | ਜਹੁ | S | ਰਾ | ਮ | S |

# ਰਾਗ ਭੈਰਉ

## ਦੋਹਾ ਰਾਗ ਭੈਰਉ

ਧਾ ਵਾਦੀ ਸੰਵਾਦੀ ਰੇ, ਰੇ ਧਾ ਕੋਮਲ ਕਰੀਏ।
ਮਿੱਠੜੇ ਰਾਗ ਭੈਰਉ ਦੇ ਰਾਹੀਂ, ਗੁਰੂ ਦੀ ਬਾਣੀ ਪੜੀਏ।

## ਸੰਖੇਪ ਜਾਣਕਾਰੀ

ਭੈਰਉ ਰਾਗ ਸੱਤਾਂ ਸੁਰਾਂ ਦਾ ਸੰਪੂਰਣ ਰਾਗ ਹੈ। ਇਸ ਰਾਗ ਵਿਚ ਰੇ ਅਤੇ ਧਾ ਕੋਮਲ ਲੱਗਦੇ ਹਨ ਅਤੇ ਬਾਕੀ ਸੁਰਾਂ ਤੀਬਰ। ਇਸ ਵਿਚ ਸ਼ੁੱਧ ਮਾ ਨਹੀਂ ਲੱਗਦਾ, ਭਾਵ, ਕਿ ਇਸ ਵਿਚ ਮਾ ਖੜੀ ਲਕੀਰ ਵਾਲਾ ਨਹੀਂ ਲਗਾਉਣਾ। ਇਹ ਰਾਗ ਅੰਮ੍ਰਿਤ ਵੇਲੇ ਗਾਇਆ ਜਾਂਦਾ ਹੈ। ਇਸ ਰਾਗ ਵਿਚ ਕੁਛ ਹਿੱਸਾ ਸ੍ਰੀ ਆਸਾ ਜੀ ਦੀ ਵਾਰ ਦਾ ਅਤੇ ਸ਼ਬਦ ਗਾਏ ਜਾਂਦੇ ਹਨ। ਇਹ ਰਾਗ ਗੰਭੀਰ ਅਤੇ ਅਤੀ ਮਿੱਠੜਾ ਹੈ।

## ਸੰਖੇਪ ਸੁਰ ਵਿਸਥਾਰ

ਸਾ ਰੇ ਸਾ – ।। ਸਾ ਰੇ ਨੀ ਸਾ ਰੇ ਸਾ – ।। ਸਾ ਰੇ ਗਾ ਰੇ ਸਾ –।। ਸਾ ਰੇ– ਗਾ ਮਾ – ਗਾ ਰੇ ਸਾ।। ਸਾ ਰੇ ਗਾ ਮਾ ਪਾ ਧਾ – ਪਾ – ਮਾ ਰੇ– ਸਾ –।। ਸਾ ਰੇ ਗਾ ਮਾ – ਪਾ ਧਾ ਪਾ ਨੀ ਧਾ ਪਾ – ਮਾ ਪਾ ਧਾ ਪਾ ਮਾ ਗਾ ਰੇ – ਸਾ – ।।

## ਗੂਜਰੀ ਮਹਲਾ ੫ ਘਰੁ ੨

ਰਾਜਨ ਮਹਿ ਤੂੰ ਰਾਜਾ ਕਹੀਅਹਿ, ਭੂਮਨ ਮਹਿ ਭੂਮਾ॥
ਠਾਕੁਰ ਮਹਿ ਠਕੁਰਾਈ ਤੇਰੀ, ਕੋਮਨ ਸਿਰਿ ਕੋਮਾ॥ ੧॥
ਪਿਤਾ ਮੇਰੋ ਬਡੋ ਧਨੀ ਅਗਮਾ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥੧॥ਰਹਾਉ॥
ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ, ਦਾਤਨ ਸਿਰਿ ਦਾਤਾ॥
ਤੇਜਨ ਮਹਿ ਤੇਜਵੰਸੀ ਕਹੀਅਹਿ, ਰਸੀਅਨ ਮਹਿ ਰਾਤਾ॥ ੨॥
ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ॥
ਗ੍ਰਿਸਤਨ ਮਹਿ ਤੂੰ ਬਡੋ ਗ੍ਰਿਹਸਤੀ, ਜੋਗਨ ਮਹਿ ਜੋਗੀ॥ ੩॥
ਕਰਤਨ ਮਹਿ ਤੂੰ ਕਰਤਾ ਕਹੀਅਹਿ, ਆਚਾਰਨ ਮਹਿ ਆਚਾਰੀ॥
ਸਾਹਨ ਮਹਿ ਤੂੰ ਸਾਚਾ ਸਾਹਾ, ਵਾਪਾਰਨ ਮਹਿ ਵਾਪਾਰੀ॥ ੪॥
ਦਰਬਾਰਨ ਮਹਿ ਤੇਰੋ ਦਰਬਾਰਾ, ਸਰਨ ਪਾਲਨ ਟੀਕਾ॥
ਲਖਿਮੀ ਕੇਤਕ ਗਨੀ ਨ ਜਾਈਐ, ਗਨਿ ਨ ਸਕਉ ਸੀਕਾ॥ ੫॥

ਨਾਮਨ ਮਹਿ ਤੇਰੋ ਪ੍ਰਭ ਨਾਮਾ, ਗਿਆਨਨ ਮਹਿ ਗਿਆਨੀ ॥
ਜੁਗਤਨ ਮਹਿ ਤੇਰੀ ਪ੍ਰਭ ਜੁਗਤਾ, ਇਸਨਾਨਨ ਮਹਿ ਇਸਨਾਨੀ ॥੬॥
ਸਿਧਨ ਮਹਿ ਤੇਰੀ ਪ੍ਰਭ ਸਿਧਾ, ਕਰਮਨ ਸਿਰਿ ਕਰਮਾ ॥
ਆਗਿਆ ਮਹਿ ਤੇਰੀ ਪ੍ਰਭ ਆਗਿਆ, ਹੁਕਮਨ ਸਿਰਿ ਹੁਕਮਾ ॥੭॥
ਜਿਉ ਬੁਲਾਵਹਿ ਤਿਉ ਬੋਲਹ ਸੁਆਮੀ, ਕੁਦਰਤਿ ਕਵਨ ਹਮਾਰੀ ॥
ਸਾਧ ਸੰਗਿ ਨਾਨਕ ਜਸੁ ਗਾਇਓ, ਜੋ ਪ੍ਰਭ ਕੀ ਅਤਿ ਪਿਆਰੀ ॥੮॥੧॥੮॥

(ਪੰਨਾ ੫੦੭)

# ਰਾਗ ਭੈਰਉ ਤਾਲ ਕਹਿਰਵਾ ਅਠ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| | X | | | | O | | | |
| | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਮਾ | ਮਾ | ਮਾ | ਮਾ | – | ਗਾ | ਮਾ | ਪਾ |
| | ਬ | ਡੋ | ਧ | ਨੀ | S | ਅ | ਗ | ਮਾ |
| | ਪਾ | – | ਪਾ | ਪਾ | ਧਾ | ਪਾ | ਮਾ | – |

| | | | | | | | | |
|---|---|---|---|---|---|---|---|---|
| | ਸ | ਸ | ਸ | ਪਿ | ਤਾ | ਮੇ | ਰੇ | ਸ |
| | ਪਾ | ਧਾ | ਪਾ | ਮਾ | = | ਗਾ | ਰੇ | ਸਾ |
| | – | ਸਾ | – | – | – | – | – | – |
| | ਸ | ਸ | ਸ | ਸ | ਸ | ਸ | ਸ | ਸ |
| ਅੰਤਰਾ : | ਮਾ | ਗਾ | ਮਾ | ਪਾ | – | ਪਾ | – | – |
| | ਉਸ | ਤ | ਤਿ | ਕ | ਵ | ਨ | ਕ | ਸ |
| | ਧਾ | ਧਾ | ਧਾ | ਪਾ | – | ਪਾ | – | – |
| | ਰੀ | ਸ | ਜੈ | ਕ | ਰ | ਤੇ | ਸ | ਸ |
| | ਪਾ | ਧਾ | ਪਾ | ਮਾ | – | ਗਾ | ਰੇ | ਸਾ |
| | ਪੇ | ਖਿ | ਰ | ਹੇ | ਸ | ਬਿ | ਸ | ਮਾ |
| | – | ਸਾ | – | – | – | – | – | – |
| | ਸ | ਸ | ਸ | ਸ | ਸ | ਸ | ਸ | ਸ |

**ਸੋਰਠਿ ਮਹਲਾ ੫ ॥**

ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥
ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥ ੧ ॥
ਸੰਤਹੁ ਰਾਮ ਨਾਮਿ ਨਿਸਤਰੀਐ ॥ ਊਠਤ ਬੈਠਤ ਹਰਿ ਹਰਿ ਧਿਆਈਐ
ਅਨਦਿਨੁ ਸੁਕ੍ਰਿਤੁ ਕਰੀਐ ॥੧॥ਰਹਾਉ ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥ ੨ ॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥ ੩ ॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥

(ਪੰਨਾ ੬੨੧-੨੨)

# ਰਾਗ ਭੈਰਉ ਤਾਲ ਰੂਪਕ ਸੱਤ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| | X | | | ੨ | | ੩ | | |
| | ੧ | ੨ | ੩ | ੪ | ੫ | ੬ | ੭ | |
| ਅਸਥਾਈ : | ਧਾ | ਧਾ | ਪਾ | ਧਾ | – | ਧਾ | – | |
| | ਉ | ਠ | ਤ | ਬੈ | S | ਠ | ਤ | |
| | ਪਾ | ਮਾ | ਗਾ | ਮਾ | – | ਪਾ | – | |
| | ਹਰਿ | ਹ | ਰਿ | ਧਿਆ | S | ਈਐ | S | |
| | ਪਾ | ਧਾ | ਪਾ | ਮਾ | – | ਮਾ | – | |
| | ਅਨ | ਦਿ | ਨ | ਸੁ | S | ਕ੍ਰਿ | ਤੁ | |
| | ਮਾ | ਗਾ | ਰੇ | ਸਾ | – | ਸਾ | – | |
| | ਕ | S | ਰੀ | ਐ | S | S | S | |

| | | | | | | | |
|---|---|---|---|---|---|---|---|
| | ਸਾ | ਰੇ | ਨੀ | ਸਾ | - | ਸਾ | - |
| | ਸੰ | ਙ | ਤਹੁ | ਰਾ | ਙ | ਮ | ਙ |
| | ਮਾ | ਮਾ | ਗਾ | ਰੇ | - | ਸਾ | - |
| | ਨਾ | ਮ | ਨਿਸ | ਤ | ਰੀ | ਐ | ਙ |
| ਅੰਤਰਾ : | ਮਾ | ਮਾ | ਪਾ | ਧੁ | - | ਨੀ | - |
| | ਗੁ | ਙ | ਰ | ਪੂ | ਙ | ਰੈ | ਙ |
| | ਸਾਂ | ਸਾਂ | ਸਾਂ | ਰੇ | - | ਸਾਂ | - |
| | ਕਿਰ | ਪਾ | ਙ | ਧਾ | ਙ | ਰੀ | ਙ |
| | ਸਾਂ | ਨੀ | ਧੁਾ | ਪਾ | ਮਾ | ਪਾ | - |
| | ਪ੍ਰ | ਙ | ਭਿ | ਪੂ | ਙ | ਰੀ | ਙ |
| | ਧੁਾ | ਪਾ | ਮਾ | ਗਾ | ਰੇ | ਸਾ | - |
| | ਲੋ | ਚ | ਹ | ਮਾ | ਙ | ਰੀ | ਙ |

### ਬਿਲਾਵਲੁ ਕਬੀਰ ਜੀਉ

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥੧॥ ਰਹਾਉ॥
ਤੇਰੋ ਜਨੁ ਹੋਇ ਸੋਇ ਕਤ ਡੋਲੈ, ਤੀਨਿ ਭਵਨ ਪਰ ਛਾਜਾ॥
ਹਾਥੁ ਪਸਾਰਿ ਸਕੈ ਕੋ ਜਨ ਕਉ, ਬੋਲਿ ਸਕੈ ਨ ਅੰਦਾਜਾ॥ ੧॥
ਚੇਤਿ ਅਚੇਤ ਮੂੜ ਮਨ ਮੇਰੇ, ਬਾਜੇ ਅਨਹਦ ਬਾਜਾ॥
ਕਹਿ ਕਬੀਰ ਸੰਸਾ ਭ੍ਰਮੁ ਚੂਕੋ, ਧ੍ਰੂ, ਪ੍ਰਹਿਲਾਦ ਨਿਵਾਜਾ॥ ੨॥ ੫॥

(ਪੰਨਾ ੮੫੬)

## ਰਾਗ ਭੈਰਉ ਤਿੰਨ ਤਾਲ ੧੬ ਮਾਤਰਾਂ

ਮੁਖ ਸੁਰਾਂ : ਸਾ ਰੇ ਗਾ ਮਾ ਪਾ ਧਾ ਨੀ ਸਾਂ

| | ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|---|
| ਅਸਥਾਈ: | | | | | | | ਗਾ | ਮਾ | ਪਾ | ਧਾ | ਪਾ | ਮਾ | ਗਾ | - | ਰੇ | ਸਾ |
| | | | | | | | ਕੋ | ਊ | ਹ | ਰਿ | ਸ | ਮਾ | S | ਨ | ਨ | ਹੀ |

ਰੇ - - - ਸਾ - - - - ਮਾ ਗਾ ਮਾ ਪਾ ਧੁਾ ਪਾ -

ਗਾ S S S ਜਾ S S S S ਇ ਹ ਭੂ ਪ ਤ ਸ ਭ

ਪਾ ਟਾ ਮਾ ਗਾ ਰੁੇ - ਸਾ - - ਸਾ ਰੁੇ ਗਾ ਮਾ ਪਾ ਗਾ ਮਾ

S ਦਿਵ ਸ ਚੋ S ਰ ਕੇ S S ਝੂ S ਠੇ ਕ ਰ ਤ ਦਿ

ਧੁਾ - - - ਪਾ -

ਵਾ S S S ਜਾ S S S S

ਅੰਤਰਾ: ਮਾ ਮਾ ਮਾ ਧੁਾ - ਮਾ ਧੁਾ

ਤੇਰੋ ਜ ਨ ਹੋ S ਇ S

ਸਾਂ ਸਾਂ ਸਾਂ ਸਾਂ ਰੁੇਂ - ਸਾਂ - - ਸਾਂ ਨੀ ਧੁਾ ਪਾ - ਗਾ ਮਾ

ਸੋ ਇ ਕ ਤ ਡੋ S ਲੈ S S ਤੀ ਨ ਭ ਵ ਨ ਪ ਰ

ਧੁਾ - - - ਪਾ -

ਛਾ S S S ਜਾ S

ਅਸਥਾਈ : ਗਾ ਮਾ ਪਾ ਧੁਾ ਪਾ ਮਾ ਗਾ - ਰੁੇ ਸਾ

ਕੋ ਊ ਹ ਰਿ ਸ ਮਾ S ਨ ਨ ਹੀ

# ਰਾਗ ਗੁਣਕਰੀ

ਰਾਗ ਗੁਣਕਾਰੀ ਭੈਰਉ ਠਾਠ ਦਾ ਰਾਗ ਹੈ। ਜੇਕਰ ਭੈਰਉ ਵਿਚੋਂ ਗਾ ਅਤੇ ਨੀ ਕੱਢ ਦਈਏ ਤਾਂ ਉਹ ਗੁਣਕਾਰੀ ਹੋ ਜਾਏਗਾ। ਇਹ ਰਾਗ ਪੰਜਾਂ ਸੁਰਾਂ ਦਾ ਹੈ, ਇਸ ਦੀ ਜਾਤ ਔਡਵ ਮੰਨੀ ਗਈ ਹੈ। ਇਸ ਦੀ ਵਾਦੀ ਸੁਰ ਧੁਾ ਕੋਮਲ ਹੈ ਅਤੇ ਸੰਵਾਦੀ ਰੁੇ ਕੋਮਲ । ਇਸ ਦਾ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਕਈ ਸੱਜਨ ਇਸ ਰਾਗ ਨੂੰ ਗੁਣਕਲੀ ਕਹਿੰਦੇ ਹਨ, ਪਰ ਅਸਲ ਵਿਚ ਗੁਣਕਰੀ ਅਤੇ ਗੁਣਕਲੀ ਦੋ ਵੱਖ ਵੱਖ ਰਾਗ ਹਨ। ਗੁਣਕਰੀ ਭੈਰਉ ਠਾਠ ਦਾ ਰਾਗ ਹੈ ਜਿਥੇ ਕਿ ਗੁਣਕਰੀ ਬਿਲਾਵਲ ਠਾਠ ਦਾ ਰਾਗ ਹੈ।

## ਰਾਗੁ ਗੁਣਕਰੀ ਦੀ ਅਰੋਹੀ ਅਵਰੋਹੀ

ਅਰੋਹੀ : ਸਾ ਰੁੇ ਮਾ ਪਾ ਧੁਾ ਸਾਂ

ਅਵਰੋਹੀ : ਸਾਂ ਧੁਾ ਪਾ ਮਾ ਰੁੇ ਸਾਂ

## ਗਾਉਣ ਦਾ ਸਮਾਂ:- ਦਿਨ ਦਾ ਪਹਿਲਾ ਪਹਿਰ

ਸੰਖੇਪ ਸੁਰ ਵਿਸਥਾਰ : ਸਾ ਰੁੇ ਸਾ - - । ਸਾ ਧੁਾ - - ਧੁਾ ਸਾ ਰੁੇ - ਸਾ - । ਸਾ ਰੁੇ
ਮਾ ਰੁੇ ਸਾ । ਸਾ ਰੁੇ ਮਾ - ਪਾ ਧੁਾ - - ਧੁਾ ਮਾ ਪਾ ਧੁਾ ਪਾ -
ਮਾ ਰੇ - - ਸਾ । ਸਾ ਰੁੇ ਮਾ ਪਾ ਧੁਾ - - ਧੁਾ ਮਾ ਪਾ ਧੁਾ ਪਾ
ਧੁਾ ਧੁਾ ਪਾ - ਮਾ ਪਾ ਧੁਾ - ਸਾਂ - - । ਧੁਾ ਰੁੇਂ - - ਰੁੇਂ ਸਾਂ - ।
ਸਾਂ ਧੁਾ ਪਾ ਮਾ ਪਾ ਧੁਾ ਪਾ - ਧੁਾ ਪਾ ਮਾ ਰੁੇ - ਰੁੇ ਰੁੇ ਸਾ - ।

## ਰਾਗੁ ਸੂਹੀ ਬਾਣੀ ਰਵਿਦਾਸ ਜੀਉ ਕੀ

ਸਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥
ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥ ੧॥
ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥ ੧॥ ਰਹਾਉ॥
ਦੁਖੀ ਦੁਹਾਗਨਿ ਦੁਇ ਪਖ ਹੀਨੀ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥
ਪੁਰ ਸਲਾਤ ਕਾ ਪੰਥੁ ਦੁਹੇਲਾ॥ ਸੰਗਿ ਨ ਸਾਥੀ ਗਵਨੁ ਇਕੇਲਾ॥ ੨॥
ਦੁਖੀਆ ਦਰਦਵੰਦੁ ਦਰਿ ਆਇਆ॥ ਬਹੁਤੁ ਪਿਆਸ ਜਬਾਬੁ ਨ ਪਾਇਆ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ। ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥ ੩॥੧॥

(ਪੰਨਾ ੭੯੩)

# ਰਾਗ ਗੁਣਕਰੀ ਤਾਲ ਕਹਿਰਵਾ ੮ ਮਾਤਰਾਂ

ਮੁਖ ਸੁਰਾਂ : ਸਾ ਰੇ ਮਾ ਪਾ ਧਾ ਸਾਂ

| | | | | | | | | |
|---|---|---|---|---|---|---|---|---|
| | X | | | | O | | | |
| | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਮਾ | ਮਾ | ਪਾ | - | ਧਾ | - | - | - |
| | ਸੋ | ਕਤ | ਜਾ | S | ਨੈ | S | S | - |

| | | | | | | | | |
|---|---|---|---|---|---|---|---|---|
| | ਪਾ | ਮਾ | ਪਾ | - | ਧੁਾ | - | - | - |
| | ਪੀ | ਰਪ | ਰਾ | S | ਈ | S | S | S |
| | ਧੁਾ | ਪਾ | ਮਾ | - | ਮਾ | - | - | - |
| | ਜਾ | ਕੈ | ਅੰ | S | ਤ | ਰ | S | S |
| | ਪਾ | ਮਾ | ਰੇ | - | ਸ | - | - | - |
| | ਦਰ | ਦਨਾ | ਪਾ | S | ਈ | S | S | S |
| ਅੰਤਰਾ : | ਮਾ | ਧੁਾ | ਸਾਂ | - | ਸਾਂ | - | - | - |
| | ਸਹ | ਕੀ | ਸਾ | S | ਰ | S | S | S |
| | ਸਾਂ | ਰੇ | ਸਾਂ | - | ਸਾਂ | - | - | - |
| | ਸੁਹਾ | ਗਨਿ | ਜਾ | S | ਨੈ | S | S | S |
| | ਸਾਂ | ਧੁਾ | ਪਾ | - | ਪਾ | - | - | - |
| | ਤਜਿ | ਅਭਿ | ਮਾ | ਨੁ | ਸੁ | ਖ | S | S |
| | ਧੁਾ | ਮਾ | ਰੇ | - | ਸਾ | - | - | - |
| | ਰਲੀ | ਆ | ਮਾ | S | ਨੈ | S | S | S |

**ਸਿਰੀ ਰਾਗੁ ਮਹਲਾ ੧ ਘਰੁ ੪ ॥**

ਤੂ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ, ਤੁਝ ਤੇ ਨਿਕਸੀ ਫੂਟਿ ਮਰਾ ॥ ੧ ॥
ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥ ੧ ॥ ਰਹਾਉ ॥
ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥
ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥ ੨ ॥
ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੩ ॥
ਆਪੇ ਨੇੜੈ ਦੂਰਿ ਆਪੇ ਹੀ, ਆਪੇ ਮੰਝਿ ਮਿਆਨੋੁ ॥
ਆਪੇ ਵੇਖੈ ਸੁਣੇ ਆਪੇ ਹੀ, ਕੁਦਰਤਿ ਕਰੇ ਜਹਾਨੋੁ ॥
ਜੋ ਤਿਸੁ ਭਾਵੈ ਨਾਨਕਾ, ਹੁਕਮੁ ਸੋਈ ਪਰਵਾਨੋੁ ॥ ੪ ॥ ੩੧ ॥ (ਪੰਨਾ ੨੫)

## ਰਾਗ ਗੁਣਕਰੀ ਤਾਲ ਦਾਦਰਾ ੬ ਮਾਤਰਾਂ

| | | | | | | |
|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਮਾ | ਪਾ | ਧਾ | ਸਾਂ |
| | ੧ | ੨ | ੩ | ੪ | ੫ | ੬ |
| ਅਸਥਾਈ : | ਸਾ | ਰੇ | ਰੇ | ਸਾ | ਸਾ | – |

| | | | | | | |
|---|---|---|---|---|---|---|
| | ਜਹਂ | ਜ | ਹ | ਦੇ | ਖਾ | S |
| | ਸਾ | ਰੇ̱ | ਮਾ | ਪਾ | ਧ̱ਾ | – |
| | ਤਹ | ਤ | ਹ | ਤੂ | ਹੈ | S |
| | ਪਾ | ਧ̱ਾ | ਪਾ | ਮਾ | ਪਾ | – |
| | ਤੁਝ | ਤੇ | S | ਨਿਕ | ਸੀ | S |
| | ਪਾ | ਮਾ | ਰੇ̱ | ਸਾ | ਸਾ | – |
| | ਫੂ | ਟਿ | ਮ | ਰਾ | S | S |
| | ○ | ○ | ○ | ○ | ○ | |
| ਅੰਤਰਾ : | ਸਾ | ਸਾ | ਰੇ | ਸਾ | ਸਾ | – |
| | ਤੂ | ਦ | ਰੀ | ਆ | ਉ | S |
| | ○ | ○ | ○ | ○ | ○ | |
| | ਸਾ | ਸਾ | ਰੇ̱ | ਸਾ | ਸਾ | – |
| | ਦਾ | ਨਾ | S | ਬੀ | ਨਾ | S |
| | ਸਾਂ | ਧ̱ਾ | ਪਾ | ਮਾ | ਪਾ | – |
| | ਮੈ | ਮ | ਛ | ਲੀ | ਕੈ | ਸੇ |
| | ਧ̱ਾ | ਪਾ | ਮਾ | ਰੇ̱ | ਸਾ | – |
| | ਅੰ | ਤ | ਲ | ਹਾ | S | S |

## ਧਨਾਸਰੀ ਮਹਲਾ ੫ ।।

ਤੁਮ ਦਾਤੇ ਠਾਕੁਰ ਪ੍ਰਤਿਪਾਲਕ, ਨਾਇਕ ਖਸਮ ਹਮਾਰੇ ।।
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ।। ੧ ।।
ਜਿਹਵਾ ਏਕ ਕਵਨ ਗੁਨ ਕਹੀਐ ।। ਬੇਸੁਮਾਰ ਬੇਅੰਤ ਸੁਆਮੀ,
ਤੇਰੋ ਅੰਤੁ ਨ ਕਿਨਹੀ ਲਹੀਐ ।। ੧ ।। ਰਹਾਉ ।।
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ।।
ਹਮ ਅਗਿਆਨ ਅਲਪ ਮਤਿ ਥੋਰੀ, ਤੁਮ ਆਪਨ ਬਿਰਦੁ ਰਖਾਵਹੁ ।।੨।।
ਤੁਮਰੀ ਸਰਣਿ ਤੁਮਾਰੀ ਆਸਾ, ਤੁਮ ਹੀ ਸਜਨ ਸੁਹੇਲੇ ।।
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ।। ੩ ।। ੧੨ ।।

(ਪੰਨਾ ੬੭੪)

## ਰਾਗ ਗੁਣਕਰੀ ਤਾਲ ਰੂਪਕ ਸੱਤ ਮਾਤਰਾਂ

| | | | | | | | |
|---|---|---|---|---|---|---|---|
| ਮੁਖ ਸੁਰਾਂ : | ਸਾ | ਰੇ੍ | ਮਾ | ਪਾ | ਧ੍ਾ | ਸਾਂ | |
| | ੧ | ੨ | ੩ | ੪ | ੫ | ੬ | ੭ |
| ਅਸਥਾਈ : | ਸਾ | ਧਾ | ਪਾ | ਮਾ | - | ਮਾ | - |
| | ਜਿਹ | ਵਾ | S | ਏ | S | ਕ | ਕ |
| | ਰੇ੍ | - | ਧ੍ਾ | ਸਾ | - | ਸਾ | - |

| | | | | | | | |
|---|---|---|---|---|---|---|---|
| | ਵਨ | ਗੁ | ਨ | ਕ | ਹੀ | ਐ | S |
| | ਸਾ | ਸਾ | ਰੇ | ਮਾ | – | ਮਾ | – |
| | ਬੇ | S | ਸੁ | ਮਾ | S | ਰ | ਬੇ |
| | ਪਾ | ਪਾ | ਪਾ | ਧੁਾ | – | ਪਾ | – |
| | ਅੰ | ਤ | ਸੁ | ਆ | S | ਮੀ | ਤੇਰੋ |
| | ਪਾ | ਧੁਾ | ਪਾ | ਮਾ | – | ਮਾ | – |
| | ਅੰ | ਤ | ਨ | ਕਿ | ਨ | ਹੀ | S |
| | ਰੇ | – | ਧੁਾ | ਸਾ | – | ਸਾ | – |
| | | | o | | | | |
| | ਲ | S | ਹੀ | ਐ | S | S | S |
| ਅੰਤਰਾ : | ਮਾ | ਮਾ | ਮਾ | ਧੁਾ | – | ਮਾ | ਧੁਾ |
| | ਤੁਮ | ਦਾ | S | ਤੇ | S | ਠਾ | S |
| | o | o | o | o | | o | |
| | ਸਾ | ਸਾ | ਸਾ | ਰੇ | – | ਸਾ | – |
| | ਕੁਰ | ਪ੍ਰ | ਤਿ | ਪਾ | S | ਲ | ਕ |

| | | | | | | |
|---|---|---|---|---|---|---|
| ੦ | ੦ | ੦ | ੦ | ੦ | | |
| ਰੇਂ | – | ਰੇਂ | ਰੇਂ | ਰੇਂ | – | – |
| ਨਾ | ਇ | ਕ | ਖ | ਸ | ਮ | ਹ |
| ੦ | | ੦ | | ੦ | | |
| ਸਾ | – | ਧਾ | ਸਾ | ਸਾ | – | – |
| ਮਾ | S | S | ਰੇ | S | S | S |
| ੧ | ੨ | ੩ | ੪ | ੫ | ੬ | ੭ |
| ਸਾ | ਧਾ | ਪਾ | ਮਾ | – | ਪਾ | – |
| ਨਿਮ | ਖ | ਨਿ | ਮ | ਖ | ਤੁ | ਮ |
| ਧਾ | ਪਾ | ਮਾ | ਰੇ | – | ਸਾ | – |
| ਹੀ | S | ਪ੍ਰਿਤਿ | ਪਾ | S | ਲਹੁ | ਹਮ |
| ਸਾ | ਰੇ | ਮਾ | ਪਾ | ਧਾ | ਮਾ | ਪਾ |
| ਬਾ | ਰਿ | ਕ | ਤੁ | ਮ | ਰੇ | S |
| ਧਾ | – | ਮਾ | ਰੇ | – | ਸਾ | – |
| ਧਾ | S | S | ਰੇ | S | S | S |

## ਮਾਝ ਮਹਲਾ ੫ ॥

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥ ੧॥

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ॥ ੨॥

ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭੁ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥ ੩॥

ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥੪॥੨੪॥੩੧॥

ਪੰਨਾ ੧੦੩

# ਰਾਗ ਗੁਣਕਰੀ –ਤਿੰਨ ਤਾਲ ੬ ਮਾਤਰਾਂ

| | | | | | | |
|---|---|---|---|---|---|---|
| | | | | | | O |
| ਮੁਖ ਸੁਰਾਂ : | ਸਾ | ਰੇ | ਮਾ | ਪਾ | ਧਾ | ਸਾਂ |
| | ੧ | ੨ | ੩ | ੪ | ੫ | ੬ |
| ਅਸਥਾਈ : | ਸਾ | ਰੇ | ਮਾ | ਪਾ | ਧਾ | – |
| | ਤੂੰ | ਮੇ | ਰਾ | ਪਿ | ਤਾ | ਤੂੰ |
| | ਧਾ | ਪਾ | ਮਾ | ਪਾ | ਧਾ | – |
| | ਹੈ | ਮੇ | ਰਾ | ਮਾ | ਤਾ | S |
| | ਧਾ | ਪਾ | ਮਾ | ਪਾ | ਪਾ | – |
| | ਤੂੰ | ਮੇ | ਰਾ | ਬੰ | ਧ | ਪ |
| | ਧਾ | ਪਾ | ਮਾ | ਰੇ | ਸਾ | – |
| | ਤੂੰ | ਮੇ | ਰਾ | ਭ੍ਰਾ | ਤਾ | S |

| | | | | | | | |
|---|---|---|---|---|---|---|---|
| | | ○ | ○ | | | ○ | |
| ਅੰਤਰਾ | : | ਸਾ | ਰੁੇ | ਸਾ | ਧੁਾ | ਸਾ | – |
| ਪਹਿਲਾ | : | ਤੂੰ | ਮੇ | ਰਾ | ਰਾ | ਖਾ | ऽ |
| | | ○ | | | | ○ | |
| | | ਸਾ | ਰੁੇ | ਸਾ | ਧੁਾ | ਸਾ | – |
| | | ਸਭ | ਨੀ | ऽ | ਥਾ | ਈ | ऽ |
| | | ○ | | | | | |
| | | ਸਾ | ਧੁਾ | ਪਾ | ਮਾ | ਪਾ | – |
| | | ਤਾ | ਭ | ਉ | ਕੌ | ਹਾ | ऽ |
| | | ਧੁਾ | ਪਾ | ਮਾ | ਰੁੇ | ਸਾ | – |
| | | ਕਾ | ੜਾ | ऽ | ਜੀ | ਉ | ऽ |
| | | ○ | ○ | ○ | | ○ | |
| ਅੰਤਰਾ | : | ਸਾ | ਰੁੇ | ਸਾ | ਧੁਾ | ਸਾ | – |
| ਦੂਸਰਾ | : | ਤੁਮ | ਰੀ | ਕ੍ਰਿ | ਪਾ | ਤੇ | ऽ |
| | | ○ | ○ | ○ | | ○ | |
| | | ਸਾਂ | ਰੁੇ | ਸਾ | ਧੁਾ | ਸਾ | – |

| | | | | | |
|---|---|---|---|---|---|
| ਤੂ | ਧੁ | ਪਾ | ਛਾ | ਣਾ | S |
| ੦ | | | | | |
| ਸਾ | ਧੁਾ | ਪਾ | ਮਾ | ਪਾ | – |
| ਤੂ | ਮੇ | ਰੀਓ | ਟ | ਤੂੰ | ਹੈਂ |
| ਧੁਾ | ਪਾ | ਮਾ | ਰੁੇ | ਸਾ | – |
| ਮੇ | ਰਾ | ਮਾ | ਣਾ | S | S |
| ੧ | ੨ | ੩ | ੪ | ੫ | ੬ |
| ਸਾ | ਰੇ | ਮਾ | ਪਾ | ਧਾ | – |
| ਤੁਝ | ਬਿ | ਨੁ | ਦੂ | ਜਾ | S |
| ਧੁਾ | ਪਾ | ਮਾ | ਪਾ | ਧੁਾ | – |
| ਅਵ | ਰ | ਨ | ਕੋ | ਈ | S |
| ਧੁਾ | ਪਾ | ਮਾ | ਪਾ | ਪਾ | – |
| ਸਭ | ਤੇ | ਰਾ | ਖੇ | ਲ | ਅ |
| ਧੁਾ | ਪਾ | ਮਾ | ਰੁੇ | ਸਾ | – |
| ਖਾ | ੜਾ | S | ਜੀ | ਉ | S |

## ਰਾਗੁ ਬਿਹਾਗੜਾ ਮਹਲਾ ੯ ।।

ਹਰਿ ਕੀ ਗਤਿ ਨਹਿ ਕੋਊ ਜਾਨੈ।।
ਜੋਗੀ ਜਤੀ ਤਪੀ ਪਚਿ ਹਾਰੇ, ਅਰੁ ਬਹੁ ਲੋਗ ਸਿਆਨੇ।। ੧।। ਰਹਾਉ।।
ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ।।
ਰੀਤੇ ਭਰੇ, ਭਰੇ ਸਖਨਾਵੈ, ਯਹ ਤਾ ਕੋ ਬਿਵਹਾਰੇ।। ੧।।
ਅਪਨੀ ਮਾਇਆ ਆਪਿ ਪਸਾਰੀ, ਆਪਹਿ ਦੇਖਨਹਾਰਾ।।
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ।। ੨।।
ਅਗਨਤ ਅਪਾਰੁ ਅਲਖ ਨਿਰੰਜਨ, ਜਿਹ ਸਭ ਜਗੁ ਭਰਮਾਇਓ।।
ਸਗਲ ਭਰਮ ਤਜਿ ਨਾਨਕ ਪ੍ਰਾਣੀ, ਚਰਨਿ ਤਾਹਿ ਚਿਤੁ ਲਾਇਓ।।੩।।੧।।੨

(ਪੰ: ੫੩੭)

# ਰਾਗ ਗੁਣਕਰੀ ਤਾਲ ਦਾਦਰਾ ੧੬ ਮਾਤਰਾਂ

ਮੁਖ ਸੁਰਾਂ : ਸਾ ਰੇ ਮਾ ਪਾ ਧੁਾ ਸਾਂ ।

| | 0 | | | | | | | | X | | | | | | | |
|---|---|---|---|---|---|---|---|---|---|---|---|---|---|---|---|---|
| | ੯ | ੧੦ | ੧੧ | ੧੨ | ੧੩ | ੧੪ | ੧੫ | ੧੬ | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਸਾ | ਧੁਾ | ਪਾ | ਮਾ | ਰੇ | - | ਸਾ | ਧੁਾ | ਸਾ | - | ਸਾ | ਸਾ | ਰੇ | - | ਸਾ | - |

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ਹ | ਰਿ | ਕੀ | S | ਗ | ਤਿ | ਨ | ਹਿ | ਕੋ | S | ਊ | S | ਜਾ | S | ਨੈ | S |
| | ਸਾ | ਰੇ | ਮਾ | ਪਾ | ਧਾ | - | ਪਾ | - | ਮਾ | ਪਾ | ਧਾ | ਪਾ | ਮਾ | ਰੇ | ਸਾ | - |
| | ਜੋ | S | ਗੀ | S | ਜ | S | ਤੀ | ਤ | ਪੀ | S | ਪ | ਛਿ | ਹਾ | S | ਰੇ | S |
| | o | | | | | | | | | | | | | | | |
| | ਸਾ | ਧਾ | ਪਾ | ਮਾ | ਰੇ | - | ਸਾ | ਧਾ | ਸਾ | - | ਸਾ | ਸਾ | ਰੇ | - | ਸਾ | - |
| | | | | | | | | o | | | | | | | | |
| | ਅ | ਰੁ | ਬ | ਹੁ | ਲੋ | S | ਗ | ਇ | ਆ | S | S | S | ਨੇ | S | S | S |
| | | | | | | | | | o | | o | o | | o | o | |
| ਅੰਤਰਾ | ਮਾ | ਮਾ | ਮਾ | ਮਾ | ਧਾ | - | ਮਾ | ਧਾ | ਸਾਂ | - | ਸਾਂ | ਸਾਂ | ਧਾ | ਰੇ | ਸਾਂ | - |
| | ਛਿ | ਨ | ਮ | ਹਿ | ਰਾ | S | ਉ | S | ਰੰ | ਕ | ਕ | ਉ | ਕ | ਰ | ਈ | S |
| | o | o | o | | | | | | | | | | | | | |
| | ਸਾ | ਰੇ | ਸਾ | ਧਾ | ਪਾ | ਮਾ | ਪਾ | - | ਧਾ | - | ਮਾ | ਮਾ | ਰੇ | - | ਸਾ | - |
| | ਰਾ | S | ਉ | S | ਰੰ | ਕ | ਕ | ਰਿ | ਡਾ | S | S | S | ਰੇ | S | S | S |

# ਰਾਗ ਸ਼ਿਵ ਰੰਜਨੀ

ਰਾਗ ਸ਼ਿਵਰੰਜਨੀ ਅਤੀ ਮਧੁਰ ਲੋਕ ਪ੍ਰਿਅ ਰਾਗ ਹੈ। ਇਸ ਦੀ ਉੱਤਪਤੀ ਕਾਫ਼ੀ ਠਾਠ ਤੋਂ ਹੋਈ ਮੰਨੀ ਜਾਂਦੀ ਹੈ। ਇਸ ਦੀ ਅਰੋਹੀ ਅਤੇ ਅਵਰੋਹੀ ਵਿਚ ਪੰਜ ਪੰਜ ਸੁਰਾਂ ਲੱਗਦੀਆਂ ਹਨ। ਇਸ ਕਰਕੇ ਇਸ ਦੀ ਜ਼ਾਤ ਔਡਵ ਹੈ ਅਤੇ ਇਸ ਦੇ ਗਾਉਣ ਦਾ ਸਮਾਂ ਅੱਧੀ ਰਾਤ ਮੰਨਿਆ ਗਿਆ ਹੈ। ਇਸ ਰਾਗ ਵਿਚ ਮਾ (ਮੱਧਮ) ਅਤੇ ਨੀ (ਨੀਸ਼ਾਧ) ਨਹੀਂ ਲਗਾਏ ਜਾਂਦੇ।

## ਦੋਹਾ

ਪਾ ਸਾ, ਵਾਦੀ ਸੰਵਾਦੀ ਕਰ, ਗਾ ਕੋਮਲ ਨੂੰ ਗਾਏ।
ਰੇ ਪਾ ਧਾ ਸ਼ੁਧ ਸੁਰਾਂ ਤੋਂ, ਸ਼ਿਵਰੰਜਨ ਬਨ ਜਾਏ।

## ਰਾਗ ਸ਼ਿਵਰੰਜਨੀ ਦੀ ਅਰੋਹੀ ਅਵਰੋਹੀ

| | | | | | | |
|---|---|---|---|---|---|---|
| ਅਰੋਹੀ | ਸਾ | ਰੇ | ਗੁ਼ਾ | ਪਾ | ਧਾ | ਸਾ (ਤਾਰ) |
| ਅਵਰੋਹੀ | ਸਾ (ਤਾਰ) | ਧਾ | ਪਾ | ਗੁ਼ਾ | ਰੇ | ਸਾ |

# ਸੰਖੇਪ—ਸੁਰ ਵਿਸਥਾਰ

ਸਾ ਰੇ ਸਾ - - || ਸਾ ਰੇ ਸਾ ਧਾ ਪਾ - ਧਾ ਸਾ ਰੇ ਗਾ - ਰੇ ਸਾ - || ਸਾ ਰੇ ਗ਼ਾ

o o

ਪਾ - - ਧਾ ਪਾ...... ਗਾ ਪਾ ਸਾ ਪਾ- - ਧਾ ਧਾ ਪਾ ਗ਼ਾ -

ਰੇ ਸਾ - - || ਸਾ ਰੇ ਗਾ - ਪਾ - ਧਾ ਪਾ - ਧਾ ਸਾ ||

o

ਸਾਂ ਰੇ ਗ਼ਾ ਰੇ ਸਾਂ ਧਾ ਪਾ- - ਧਾ ਗ਼ਾ ਪਾ - ਪਾ - ਪਾ ਧਾ

ਪਾ ਗ਼ਾ - ਰੇ ਸਾ ..... ||

### ਰਾਗੁ ਗਉੜੀ ਪੂਰਬੀ ਮਹਲਾ ੫ ॥

ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ੧॥ ਰਹਾਉ॥
ਰੂਪ ਹੀਨ ਬੁਧਿ ਬਲ ਹੀਨੀ, ਮੋਹਿ ਪਰਦੇਸਨਿ ਦੂਰ ਤੇ ਆਈ॥ ੧॥
ਨਾਹਿਨ ਦਰਬੁ ਨ ਜੋਬਨ ਮਾਤੀ, ਮੋਹਿ ਅਨਾਥ ਕੀ ਕਰਹੁ ਸਮਾਈ॥ ੨॥
ਖੋਜਤ ਖੋਜਤ ਭਈ ਬੈਰਾਗਨਿ, ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥ ੩॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ, ਸਾਧ ਸੰਗਿ ਮੇਰੀ ਜਲਨਿ ਬੁਝਾਈ॥ ੪॥ ੧॥ ੧੧੮॥

(ਪੰਨਾ ੨੦੪)

## ਰਾਗ ਸ਼ਿਵਰੰਜਨੀ ਤਾਲ ਕਹਿਰਵਾ ਅੱਠ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗੁ | ਪਾ | ਧਾ | ਸਾਂ | | |
| | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਧਾ | ਸਾ | ਰੇ | ਗੁ | ਗੁ | ਰੇ | – | – |
| | ੦ | | | | | | | |
| | ਮੋਹਿ | ਪ | ਰ | ਦੇ | S | ਸ | ਨਿ | S |
| | ਗਾ | ਰੇ | ਸਾ | ਰੇ | ਧਾ | ਸਾ | – | – |
| | | | | | ੦ | | | |
| | ਦੂ | ਰ | ਤੇ | ਆ | S | ਈ | S | S |

| | | | | | | | | |
|---|---|---|---|---|---|---|---|---|
| ਅੰਤਰਾ : | ਪਾ | ਪਾ | ਪਾ | ਧਾ | ਧਾ | ਪਾ | – | – |
| | ਕਵਨ | ਗੁ | ਨ | ਪ੍ਰਾ | ਨ | ਪ | ਤਿ | S |
| | ਗੁਾ | ਰੇ | ਸਾ | ਰੇ | ਧਾ | ਸਾ | – | – |
| | | | | | o | | | |
| | ਮਿਲਉ | ਮੇ | ਰੀ | ਮਾ | S | ਈ | S | S |
| | ਪਾ | ਪਾ | ਪਾ | ਧਾ | ਧਾ | ਧਾ | – | – |
| | ਰੂ | S | ਪ | ਹੀ | S | ਨ | S | S |
| | ਗੁਾ | ਰੇ | ਸਾ | ਰੇ | ਧਾ | ਸਾ | – | – |
| | | | | | o | | | |
| | ਬੁਧਿ | ਬ | ਲ | ਹੀ | S | ਨੀ | S | S |
| | ਧਾ | ਸਾ | ਰੇ | ਗੁਾ | ਗੁਾ | ਰੇ | – | – |
| | o | | | | | | | |
| | ਮੋਹਿ | ਪ | ਰ | ਦੇ | S | ਸ | ਨਿ | S |
| | ਗੁਾ | ਰੇ | ਸਾ | ਰੇ | ਧਾ | ਸਾ | – | – |
| | | | | | o | | | |
| | ਦੂ | ਰ | ਤੇ | ਆ | S | ਈ | S | S |

## ਸੂਹੀ ਮਹਲਾ ੫॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ, ਮਰਣਾ ਚੀਤਿ ਨ ਆਵੈ॥੧॥
ਮੇਰੇ ਰਾਮਰਾਇ, ਤੂੰ ਸੰਤਾ ਕਾ ਸੰਤ ਤੇਰੇ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ, ਜਮੁ ਨਹੀ ਆਵੈ ਨੇਰੇ॥੧॥ਰਹਾਉ॥
ਜੋ ਤੇਰੈ ਰੰਗਿ ਰਾਤੇ ਸੁਆਮੀ, ਤਿਨ੍ ਕਾ ਜਨਮ ਮਰਣ ਦੁਖੁ ਨਾਸਾ॥
ਤੇਰੀ ਬਖਸ ਨ ਮੇਟੈ ਕੋਈ, ਸਤਿਗੁਰ ਕਾ ਦਿਲਾਸਾ॥ ੨॥
ਨਾਮੁ ਧਿਆਇਨਿ, ਸੁਖਫਲ ਪਾਇਨਿ, ਆਠ ਪਹਰ ਆਰਾਧਹਿ॥
ਤੇਰੀ ਸਰਣਿ ਤੇਰੈ ਭਰਵਾਸੈ, ਪੰਚ ਦੁਸਟ ਲੈ ਸਾਧਹਿ॥ ੩॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ॥੪॥੧੦ ॥੫੭॥

(ਪੰਨਾ ੭੪੯-੫੦)

# ਰਾਗ ਸ਼ਿਵ ਰੰਜਨੀ ਤਾਲ ਦਾਦਰਾ ਛੇ ਮਾਤਰਾਂ

| | | | | | | |
|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗ਼ਾ | ਪਾ | ਧਾ | ਸਾਂ |
| | ੧ | ੨ | ੩ | ੪ | ੫ | ੬ |
| ਅਸਥਾਈ : | ਪਾ | ਧਾ | ਸਾ | ਰੇ | ਗ਼ਾ | ਗ਼ਾ |
| | ੦ | ੦ | | | | |
| | ਜਿਸ | ਕੇ | S | ਸਿਰ | ਊ | S |
| | ਗ਼ਾ | ਰੇ | ਸਾ | ਰੇ | ਗ਼ਾ | – |
| | ਪਰਿ | S | ਤੂੰ | ਸੁਆ | ਮੀ | S |
| | ਗ਼ਾ | ਰੇ | ਸਾ | ਧਾ | ਸਾ | – |
| | | | | ੦ | | |
| | ਸੋ | ਦੁ | ਖ | ਕੈ | ਸਾ | S |
| | ਗ਼ਾ | ਰੇ | ਧਾ | ਸਾ | – | – |
| | | | ੦ | | | |
| | ਪਾ | S | S | ਵੈ | S | S |

ਅੰਤਰਾ :

| | | | | | |
|---|---|---|---|---|---|
| ਪਾ | ਪਾ | ਪਾ | ਧਾ | ਧਾ | – |
| ਬੋ | ਲਿ | ਨ | ਜਾ | ਣੈ | S |
| ਪਾ | ਪਾ | ਪਾ | ਧਾ | ਧਾ | – |
| ਮਾਇ | ਆ | ਮਦਿ | ਮਾ | ਤਾ | S |
| ਪਾ | ਧਾ | ਪਾ | ਗੁਾ | ਰੇ | ਗੁਾ |
| ਮਰ | ਣਾ | S | ਚੀ | ਤਿ | ਨ |
| ਰੇ | ਸਾ | – | – | – | – |
| ਆ | ਵੈ | S | S | S | S |

### ਬਿਲਾਵਲੁ ਮਹਲਾ ੫॥

ਊਚ ਅਪਾਰ ਬੇਅੰਤ ਸੁਆਮੀ, ਕਉਣੁ ਜਾਣੈ ਗੁਣ ਤੇਰੇ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥
ਪਸੂ ਪਰੇਤ ਮੁਗਧ ਕਉ ਤਾਰੇ, ਪਾਹਨ ਪਾਰਿ ਉਤਾਰੈ॥
ਨਾਨਕ ਦਾਸ ਤੇਰੀ ਸਰਣਾਈ, ਸਦਾ ਸਦਾ ਬਲਿਹਾਰੈ॥ ੪॥ ੧॥ ੪॥

(ਪੰਨਾ ੮੦੨)

## ਰਾਗ ਸ਼ਿਵਰੰਜਨੀ ਤਾਲ ਰੂਪਕ ਸੱਤ ਮਾਤਰਾਂ

| | | | | | | | |
|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗ੍ਹਾ | ਪਾ | ਧਾ | ਸਾਂ | |
| | ੧ | ੨ | ੩ | ੪ | ੫ | ੬ | ੭ |
| ਅਸਥਾਈ : | ਪਾ | ਧਾ | ਸਾ | ਰੇ | ਗ੍ਹਾ | ਰੇ | – |
| | ੦ | ੦ | | | | | |
| | ਕਉ | ਣ | ਜਾ | ਣੈ | ऽ | ਗੁ | ਣ |

| | | | | | | | |
|---|---|---|---|---|---|---|---|
| | ਗ॒ਾ | ਗ॒ਾ | ਸਾ | ਰੇ | ਧਾ | ਸਾ | – |
| | | | | | o | | |
| | ਤੇ | S | S | S | S | ਰੇ | S |
| ਅੰਤਰਾ : | ਪਾ | ਪਾ | ਪਾ | ਧਾ | – | ਪਾ | – |
| | ਊ | ਚ | ਅ | ਪਾ | ਰ | ਬੇ | S |
| | ਗ॒ਾ | ਗ॒ਾ | ਸਾ | ਰੇ | ਧਾ | ਸਾ | – |
| | | | | | o | | |
| | ਅੰ | ਤ | ਸੁ | ਆ | S | ਮੀ | S |
| | ਪਾ | ਧਾ | ਸਾ | ਰੇ | ਧਾ | ਸਾ | – |
| | o | | | | o | | |
| | ਕਉ | ਣ | ਜਾ | ਣੈ | S | ਗੁ | ਣ |
| | ਗ॒ਾ | ਗ॒ਾ | ਸਾ | ਰੇ | ਧਾ | ਸਾ | – |
| | | | | | o | | |
| | ਤੇ | S | S | S | S | ਰੇ | S |

## ਕਾਨੜਾ ਮਹਲਾ ੫ ॥

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥
ਅਨਿਕ ਬਾਰ ਕਰਿ ਬੰਦਨ ਸੰਤਨ,
ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ਰਹਾਉ॥
ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥
ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥੧॥
ਕੋਟਿ ਕਰਮ ਕਰਿ ਦੇਹ ਨ ਸੋਧਾ ॥
ਸਾਧ ਸੰਗਤਿ ਮਹਿ ਮਨੁ ਪਰਬੋਧਾ ॥ ੨ ॥
ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥
ਨਾਮੁ ਲੈਤ ਸਰਬ ਸੁਖ ਪਾਇਆ ॥ ੩ ॥
ਪਾਰਬ੍ਰਹਮ ਜਬ ਭਏ ਦਇਆਲ ॥
ਕਹੁ ਨਾਨਕ ਤਉ ਛੂਟੇ ਜੰਜਾਲ ॥ ੪ ॥ ੩ ॥

(ਪੰਨਾ ੧੨੯੮)

# ਰਾਗ ਸ਼ਿਵਰੰਜਨੀ–ਤਿੰਨ ਤਾਲ ੧੬ ਮਾਤਰਾਂ

ਮੁਖ ਸੁਰਾਂ : ਸਾ ਰੇ ਗੁਾ ਪਾ ਧਾ ਸਾਂ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ੦ | | | | ੩ | | | | X | | | | ੧ | | | |
| | ੯ | ੧੦ | ੧੧ | ੧੨ | ੧੩ | ੧੪ | ੧੫ | ੧੬ | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਸਾਂ | – | ਧਾ | ਪਾ | ਗੁਾ | ਰੇ | ਸਾ | ਰੇ | ਗਾ | – | ਰੇ | ਗੁਾ | ਰੇ | – | ਸਾ | – |
| | ਕੀ | S | ਰ | ਤ | ਪ੍ਰ | ਭ | ਕੀ | | ਗਾ | ਉ | ਮੇ | ਰੀ | ਰ | ਸ | ਨਾ | S |
| | ਸਾ | ਸਾ | ਰੇ | ਗੁਾ | ਪਾ | – | ਪਾ | – | ਧਾ | ਸਾਂ | ਧਾ | ਪਾ | ਗੁਾ | ਰੇ | ਸਾ | – |
| | ਅ | ਨਿ | ਕ | ਬਾ | S | ਰ | ਕ | ਰਿ | ਬੰ | S | ਦ | ਨ | ਸੰ | S | ਤ | ਨ |
| | ਸਾਂ | – | ਧਾ | ਪਾ | ਗੁਾ | ਰੇ | ਸਾ | ਰੇ | ਗੁਾ | – | ਰੇ | ਗੁਾ | ਰੇ | – | ਸਾ | – |
| | ਊ | S | ਹਾਂ | S | ਚ | ਰ | ਨ | ਗੋ | ਬਿੰ | ਦ | ਜੀ | ਕੇ | ਬ | ਸ | ਨਾ | S |
| ਅੰਤਰਾ : | ਪਾ | – | ਪਾ | ਪਾ | ਧਾ | – | ਪਾ | ਧਾ | ਸਾਂ | – | ਸਾਂ | ਸਾਂ | ਧਾ | ਰੇਂ | ਸਾਂ | – |
| | ਅ | ਨਿ | ਕ | ਭਾਂ | S | ਤਿ | ਕ | ਰਿ | ਦੁਆ | S | ਰ | ਨ | ਪਾ | S | ਵਏ | S |
| | ੦ | | | | | | | | | | | | | | | |
| | ਸਾਂ | – | ਧਾ | ਪਾ | ਗੁਾ | ਰੇ | ਸਾ | ਰੇ | ਗੁਾ | ਰੇ | ਗੁਾ | ਰੇ | – | ਰੇ | ਸਾ | – |
| | ਹੋ | ਇ | ਕ੍ਰਿ | S | ਪਾ | – | ਲ | ਤ | ਹ | ਰਿ | ਹ | ਰਿ | ਧਿਆ | ਵਉ | S | |

# ਰਾਗ ਭੈਰਵੀ

ਭੈਰਵੀ ਰਾਗ ਭੈਰਵੀ ਠਾਠ ਦਾ ਰਾਗ ਹੈ। ਇਸ ਦੀ ਜਾਤੀ ਸੰਪੂਰਣ ਇਸ ਦੀ ਵਾਦੀ ਸੁਰ ਸਾ ਹੈ ਅਤੇ ਸੰਵਾਦੀ ਸੁਰ ਮਾ ਹੈ। ਇਹਦੇ ਗਾਉਣ ਦਾ ਸਮਾਂ ਸਵੇਰ ਦਾ ਹੈ, ਪਰ ਇਹ ਹਰਮਨ ਪਿਆਰੀ ਰਾਗਨੀ ਹਰ ਸਮੇਂ ਗਾ ਲਈ ਜਾਂਦੀ ਹੈ। ਠਾਠ-ਭੈਰਵੀ-ਜਾਤੀ-ਸੰਪੂਰਨ ਵਾਦੀ ਸੁਰ ਸਾ ਵਾਦੀ ਸੰਵਾਦੀ ਸੁਰ ਮਾ ਸਮਾਂ ਹਰ ਵਕਤ-

| | | | | | | | | |
|---|---|---|---|---|---|---|---|---|
| ਅਰੋਹੀ : | ਸਾ | ਰੇ਼ | ਗ਼ਾ | ਮਾ | ਪਾ | ਧ਼ਾ | ਨ਼ੀ | ਸਾਂ।। |
| ਅਵਰੋਹੀ : | ਸਾਂ | ਨ਼ੀ | ਧ਼ਾ | ਪਾ | ਮਾ | ਗ਼ਾ | ਰੇ਼ | ਸਾ।। |

## ਤਿਲੰਗ ਮਹਲਾ ੫ ਘਰੁ ੩ ॥

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥

ਤੂ ਕਾਹੇ ਡੋਲਹਿ ਪ੍ਰਾਣੀਆ, ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ, ਸੋਈ ਦੇਇ ਆਧਾਰੁ ॥ ੧ ॥

ਜਿਨਿ ਉਪਾਈ ਮੇਦਨੀ, ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ, ਸਚਾ ਪਰਵਦਗਾਰੁ ॥ ੨ ॥

ਕੁਦਰਤਿ ਕੀਮ ਨ ਜਾਣੀਐ, ਵਡਾ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ, ਜਿਚਰੁ ਘਟ ਮਹਿ ਸਾਹੁ ॥ ੩ ॥

ਤੂ ਸਮਰਥੁ ਅਕਥੁ ਅਗੋਚਰੁ, ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ, ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

(ਪੰਨਾ ੭੨੪)

# ਰਾਗ ਭੈਰਵੀ–ਤਾਲ ਦਾਦਰਾ ੬ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ੍ | ਗ੍ਾ | ਮਾ | ਪਾ | ਧ੍ਾ | ਨ੍ੀ | ਸਾਂ |
| | X | | | o | | | | |
| | ੧ | ੨ | ੩ | ੪ | ੫ | ੬ | | |
| ਅਸਥਾਈ : | ਸਾ | ਸਾ | ਰੇ੍ | ਗ੍ਾ | ਮਾ | ਮਾ | | |
| | ਮਿ | ਹ | ਰ | ਵਾ | S | ਨ | | |
| | ਗ੍ਾ | ਰੇ੍ | ਗ੍ਾ | ਰੇ੍ | ਸਾ | – | | |
| | ਮਿ | ਹ | ਰ | ਵਾ | S | ਨ | | |
| | ਪਾ | ਧ੍ਾ | ਪਾ | ਮਾ | ਗ੍ਾ | ਗ੍ਾ | | |
| | ਸਾ | ਹਿ | ਬੁ | ਮੇ | ਰਾ | S | | |

| | | | | | | |
|---|---|---|---|---|---|---|
| | ਸਾ | ਰੇ | ਗ਼ਾ | ਰੇ | ਸਾ | - |
| | ਮਿ | ਹ | ਰ | ਵਾ | S | ਨ |
| ਅੰਤਰਾ : | ਪਾ | ਪਾ | ਧ਼ਾ | ਨ਼ੀ | ਸਾਂ | ਸਾਂ |
| | ਜੀ | ਅ | ਸ | ਗਲ | ਕਉ | S |
| | ਨ਼ੀ | ਧ਼ਾ | ਨ਼ੀ | ਧ਼ਾ | ਪਾ | ਪਾ |
| | ਦੇ | S | ਇ | ਦਾ | S | ਨ |
| | ਪਾ | ਧ਼ਾ | ਪਾ | ਮਾ | ਗ਼ਾ | ਗ਼ਾ |
| | ਸਾ | ਹਿ | ਬੁ | ਮੇ | ਰਾ | S |
| | ਸਾ | ਰੇ | ਗਾ | ਰੇ | ਸਾ | - |
| | ਮਿ | ਹ | ਰ | ਵਾ | ਨ | S |

## ਗਉੜੀ ਕਬੀਰ ਜੀ॥

ਆਪੇ ਪਾਵਕੁ ਆਪੇ ਪਵਨਾ॥
ਜਾਰੈ ਖਸਮੁ ਤ ਰਾਖੈ ਕਵਨਾ॥ ੧॥

ਰਾਮ ਜਪਤ ਤਨੁ ਜਰਿ ਕੀ ਨ ਜਾਇ॥
ਰਾਮ ਨਾਮ ਚਿਤੁ ਰਹਿਆ ਸਮਾਇ॥ ੧॥ ਰਹਾਉ॥

ਕਾ ਕੋ ਜਾਰੈ ਕਾਹਿ ਹੋਇ ਹਾਨਿ॥
ਨਟ ਵਟ ਮੇਲੈ ਸਾਰਿਗ ਪਾਨਿ॥ ੨॥

ਕਹੁ ਕਬੀਰ ਅਖਰ ਦੁਇ ਭਾਖਿ॥
ਹੋਇਗਾ ਖਸਮੁ ਤ ਲੇਇਗਾ ਰਾਖਿ॥ ੩॥ ੩੩॥

(ਪੰਨਾ ੩੨੯)

# ਰਾਗ ਭੈਰਵੀ ਤਾਲ ਦਾਦਰਾ ੬ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ੍ | ਗ੍ਹਾ | ਮਾ | ਪਾ | ਧ੍ਹਾ | ਨੀ | ਸਾਂ |
| | | | | | | | ਰੇ ਕੋਮਲ ਤੇ ਤੀਬਰ | |
| | ੧ | ੨ | ੩ | ੪ | ੫ | ੬ | | |
| ਅਸਥਾਈ : | ਪਾ | ਧ੍ਹਾ | ਪਾ | ਮਾ | ਪਾ | ਮਾ | | |
| | ਕ | ਹੁ | ਕ | ਬੀ | ਰ | ਅ | | |
| | ਗ੍ਹ | ਮਾ | ਰੇ | ਗ੍ਹਾ | ਗ੍ਹਾ | – | | |
| | ਖਰ | ਦੁ | ਇ | ਭਾ | S | ਖ | | |
| | ਧ੍ਹਾ | ਸਾ | ਸਾ | ਗ੍ਹਾ | ਰੇ | ਗ੍ਹਾ | | |
| | o | | | | | | | |
| | ਹੋਇ | ਗਾ | S | ਖਸ | ਮ | ਤ | | |

| | | | | | | |
|---|---|---|---|---|---|---|
| | ਸਾ | ਰੇ | ਨੀ | ਸਾ | ਸਾ | - |
| | | | o | | | |
| | ਲਏ | ਗਾ | S | ਰਾ | S | ਖਿ |
| | o | o | o | | | |
| ਅੰਤਰਾ : | ਸਾ | ਸਾ | ਸਾ | ਨੀ | ਧਾ | ਮਾ |
| | ਆ | ਪੇ | S | ਪਾ | ਵ | ਕੁ |
| | ਪਾ | ਧਾ | ਨੀ | ਧਾ | ਪਾ | - |
| | ਆ | ਪੇ | S | ਪਵ | ਨਾ | S |
| | ਪਾ | ਧਾ | ਪਾ | ਮਾ | ਗਾ | ਗਾ |
| | ਜਾ | ਰੇ | S | ਖਸ | ਮੁ | ਤਾ |
| | ਸਾ | ਰੇ | ਗਾ | ਰੇ | ਸਾ | - |
| | ਰਾ | ਖੇ | S | ਕਵ | ਨਾ | S |

**ਸੋਰਠਿ ਮਹਲਾ ੫ ॥**

ਹਮ ਮੈਲੇ, ਤੁਮ ਊਜਲ ਕਰਤੇ, ਹਮ ਨਿਰਗੁਨ, ਤੂ ਦਾਤਾ ॥
ਹਮ ਮੂਰਖ, ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ ॥ ੧ ॥
ਮਾਧੋ ਹਮ ਐਸੇ ਤੂ ਐਸਾ ॥ ਹਮ ਪਾਪੀ, ਤੁਮ ਪਾਪ ਖੰਡਨ, ਨੀਕੋ ਠਾਕੁਰ ਦੇਸਾ ॥ ਰਹਾਉ ॥
ਤੁਮ ਸਭ ਸਾਜੇ, ਸਾਜਿ ਨਿਵਾਜੇ, ਜੀਉ ਪਿੰਡੁ ਦੇ ਪ੍ਰਾਨਾ ॥
ਨਿਰਗੁਨੀਆਰੇ, ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ ॥ ੨ ॥
ਤੁਮ ਕਰਹੁ ਭਲਾ, ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ ॥
ਤੁਮ ਸੁਖਦਾਈ ਪੁਰਖ ਬਿਧਾਤੇ, ਤੁਮ ਰਾਖਹੁ ਅਪੁਨੇ ਬਾਲਾ ॥ ੩ ॥
ਤੁਮ ਨਿਧਾਨ ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ ॥
ਕਹੁ ਨਾਨਕ ਹਮ ਇਹੈ ਹਵਾਲਾ, ਰਾਖੁ ਸੰਤਨ ਕੈ ਪਾਛੈ ॥ ੪ ॥ ੬ ॥ ੧੭ ॥

(ਪੰਨਾ ੬੧੩)

# ਰਾਗ ਭੈਰਵੀ ਤਾਲ ਕਹਿਰਵਾ ਅੱਠ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੁੇ | ਗੁਾ | ਮਾ | ਪਾ | ਧੁਾ | ਨੁੀ | ਸਾਂ |
| | ੧ | ੨ | ੩ | ੪ | ੫ | ੬ | ੭ | ੮ |
| ਅਸਥਾਈ : | ਸਾ | ਸਾ | ਰੁੇ | ਗੁਾ | ਗੁਾ | ਮਾ | ਮਾ | – |
| | ਹਮ | ਮੈ | ऽ | ਲੇ | ऽ | ਤੂ | ਮ | ऽ |
| | ਪਾ | ਧੁਾ | ਪਾ | ਮਾ | ਮਾ | ਗੁਾ | ਗੁਾ | – |
| | ਉ | ਜ | ਲ | ਕ | ਰ | ਤੇ | ऽ | ऽ |
| | ਨੁੀ | ਸਾ | ਸਾ | ਸਾ | ਰੁੇ | ਗੁਾ | ਮਾ | ਗੁਾ |
| | ੦ | | | | | | | |
| | ਹਮ | ਨਿ | ਰ | ਗੁ | ਨ | ਤੂ | ऽ | ਦਾ |
| | ਰੁੋ | ਗੁੋ | ਰੁੇ | ਸਾ | – | ਸਾ | – | – |
| | ऽ | ऽ | ऽ | ਤਾ | ऽ | ऽ | ऽ | ऽ |

| | | | | | | | | |
|---|---|---|---|---|---|---|---|---|
| ਅੰਤਰਾ : | ਪਾ | ਪਾ | ਧ̱ਾ | ਨ̱ੀ | ਨ̱ੀ | ਸਾਂ | ਸਾਂ | – |
| | ਹ | ਮ | ਮੂ | ਰ | ਖ | ਤੁ | ਮ | S |
| | ਨ̱ੀ | ਧ̱ਾ | ਨ̱ੀ | ਧ̱ਾ | ਧ̱ਾ | ਪਾ | ਪਾ | – |
| | ਚਤੁ | ਰ | ਸਿ | ਆ | ਣੇ | ਤੂ | S | S |
| | ਪਾ | ਧ̱ਾ | ਪਾ | ਮਾ | ਗ̱ਾ | ਮਾ | ਪਾ | ਮਾ |
| | ਸਰ | ਬ | ਕ | ਲਾ | S | ਕਾ | ਗਿ | ਆ |
| | ਮਾ | ਮਾ | – | ਰੇ | ਗ̱ਾ | ਰੇ | ਸਾ | – |
| | S | ਤਾ | S | S | S | S | S | S |

## ਸੂਹੀ ਮਹਲਾ ੫॥

ਤੁਧੁ ਚਿਤਿ ਆਏ ਮਹਾ ਅਨੰਦਾ, ਜਿਸੁ ਵਿਸਰਹਿ ਸੋ ਮਰਿ ਜਾਏ॥
ਦਇਆਲੁ ਹੋਵਹਿ ਜਿਸੁ ਊਪਰਿ ਕਰਤੇ, ਸੋ ਤੁਧੁ ਸਦਾ ਧਿਆਏ॥ ੧॥
ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ,
ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ॥
ਚਰਣ ਧੂੜਿ ਤੇਰੇ ਜਨ ਕੀ ਹੋਵਾ, ਤੇਰੇ ਦਰਸਨ ਕਉ ਬਲਿ ਜਾਈ॥
ਅੰਮ੍ਰਿਤ ਬਚਨ ਰਿਦੈ ਉਰਿਧਾਰੀ, ਤਉ ਕਿਰਪਾ ਤੇ ਸੰਗੁ ਪਾਈ॥ ੨॥
ਅੰਤਰ ਕੀ ਗਤਿ ਤੁਧੁ ਪਹਿ ਸਾਰੀ, ਤੁਧੁ ਜੇਵਡੁ ਅਵਰੁ ਨ ਕੋਈ॥
ਜਿਸਨੋ ਲਾਇ ਲੈਹਿ ਸੋ ਲਾਗੈ, ਭਗਤੁ ਤੁਹਾਰਾ ਸੋਈ॥ ੩॥
ਦੁਇ ਕਰ ਜੋੜਿ ਮਾਗਉ ਇਕੁ ਦਾਨਾ, ਸਾਹਿਬਿ ਤੁਠੈ ਪਾਵਾ॥
ਸਾਸਿ ਸਾਸਿ ਨਾਨਕੁ ਆਰਾਧੇ, ਆਠ ਪਹਰ ਗੁਣ ਗਾਵਾ॥ ੪॥ ੯॥੫੬॥

(ਪੰਨਾ ੭੪੯)

# ਰਾਗ ਭੈਰਵੀ ਤਾਲ ਦਾਦਰਾ ੬ ਮਾਤਰਾਂ

| | | | | | | |
|---|---|---|---|---|---|---|
| | X | | | | | |
| | ੧ | ੨ | ੩ | ੪ | ੫ | ੬ |
| ਅਸਥਾਈ : | ਸਾ | ਧ਼ਾ | ਪਾ | ਮਾ | ਮਾ | ਮਾ |
| | ਮੇ | ਰੇ | S | ਸਾ | ਹਿ | ਬ |
| | ਗ਼ਾ | ਮਾ | ਪਾ | ਮਾ | ਮਾ | - |
| | ਮੇ | ਰੇ | S | ਸਾ | ਹਿ | ਬ |
| | ਨ਼ੀ | ਨ਼ੀ | ਨ਼ੀ | ਸਾ | ਸਾ | ਸਾ |
| | o | o | o | | | |
| | ਤੂ | ਮੇ | S | ਮਾ | ਨੂ | ਨਿ |
| | ਰ਼ੇ | ਰ਼ੇ | ਰ਼ੇ | ਸਾ | ਸਾ | ਸਾ |
| | ਮਾ | S | S | ਣੀ | | S |
| | | | | | (ਅ | ਰ) |

| | | | | | | |
|---|---|---|---|---|---|---|
| | ਸਾ | ਧ਼ਾ | ਪਾ | ਮਾ | ਮਾ | ਮਾ |
| | ਦਾ | ਸਿ | ਕ | ਰੀ | ਪ੍ਰ | ਭ. |
| | ਗ਼ਾ | ਮਾ | ਪਾ | ਮਾ | ਮਾ | – |
| | ਅਪ | ਨੇ | S | ਆ | ਗੋ | S |
| | ਨ਼ੀ | ਨ਼ੀ | ਨ਼ੀ | ਸਾ | ਸਾ | ਸਾ |
| | ੦ | ੦ | ੦ | | | |
| | ਸੁਣਿ | ਸੁ | ਣਿ | ਜੀ | ਵਾ | ਤੇਰੀ |
| | ਰੇ | ਰੇ | ਰੇ | ਸਾ | ਸਾ | ਸਾ |
| | ਬਾ | S | S | ਣੀ | S | S |
| | ੧ | ੨ | ੩ | ੪ | ੫ | ੬ |
| ਅੰਤਰਾ : | ਪਾ | ਧ਼ਾ | ਨ਼ੀ | ਧ਼ਾ | ਪਾ | – |
| | ਤੁਧੁ | ਚਿ | ਤਿ | ਆ | ਏ | S |
| | ਗ਼ਾ | ਮਾ | ਧ਼ਾ | ਪਾ | ਪਾ | – |

| | | | | | |
|---|---|---|---|---|---|
| ਮ | ਹਾ | ਅ | ਨੰ | ਦਾ | S |
| ਪਾ | ਧੁਾ | ਪਾ | ਮਾ | ਮਾ | ਮਾ |
| ਜਿਸ | ਵਿ | ਸ | ਰਹਿ | S | S |
| ਸਾ | ਰੇ | ਗੁਾ | ਰੇ | ਸਾ | – |
| ਸੋ | ਮ | ਰਿ | ਜਾ | ਏ | ਦਇ |
| ਪਾ | ਧੁਾ | ਨੀ | ਧੁਾ | ਪਾ | – |
| ਆ | ਲ | ਹੋ | ਵਹਿ | ਜਿ | ਸ |

| | | | | | |
|---|---|---|---|---|---|
| ਗਾ | ਮਾ | ਧੁਾ | ਪਾ | ਪਾ | – |
| ਉ | ਪ | ਰ | ਕਰ | ਤੇ | S |
| ਪਾ | ਧੁਾ | ਨੀ | ਧੁਾ | ਪਾ | – |
| ਸੋ | ਤੁ | ਧੁ | ਸ | ਦਾ | ਧਿ |
| ਸਾ | ਰੇ | ਗੁਾ | ਰੇ | ਸਾ | – |
| ਆ | S | S | ਏ | S | S |

## ਧਨਾਸਰੀ ਮਹਲਾ ੫॥

ਅਊਖੀ ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ॥
ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ॥ ੧॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥
ਆਦਿ ਅੰਤਿ ਪ੍ਰਭੁ ਸਦਾ ਸਹਾਈ, ਧੰਨੁ ਹਮਾਰਾ ਮੀਤੁ॥ ੧॥ ਰਹਾਉ॥
ਮਨਿ ਬਿਲਾਸ ਭਏ ਸਾਹਿਬ ਕੇ, ਅਚਰਜ ਦੇਖਿ ਬਡਾਈ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ, ਪ੍ਰਭਿ ਪੂਰਨ ਪੈਜ ਰਖਾਈ॥੨॥ ੧੫॥੪੬॥

(ਪੰਨਾ ੬੮੨)

# ਰਾਗ ਭੈਰਵੀ ਤਾਲ ਕਹਿਰਵਾ ੮ ਮਾਤਰਾਂ

| | ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|---|
| ਅਸਥਾਈ : | ਸਾ | ਰੇ̤ | ਗੁ̤ਾ | ਗੁ̤ਾ | – | ਪਾ | ਧਾ | ਮਾ |
| | ਪ੍ਰ | ਭ | ਸਿ | ਉ | S | ਲਾ | ਗਿ | ਰਹਿ |
| | ਰੇ̤ | ਰੇ̤ | ਗੁ̤ਾ | ਰੇ̤ | ਸਾ | – | ਸਾ | – |
| | ਉ | S | ਮੇ | ਰਾ | ਚੀ | S | ਤੂ | S |
| | ਸਾ | ਧੁ̤ਾ | ਨੀ̤ | ਸਾ | ਰੇ̤ | ਸਾ | ਸਾ | – |
| | | ੦ | ੦ | | | | | |
| | ਆ | ਦਿ | ਅੰ | S | ਤਿ | ਪ੍ਰ | ਭੁ | S |
| | ਗੁ̤ਾ | ਗੁ̤ਾ | ਮਾ | ਰੇ̤ | – | ਸਾ | ਸਾ | – |
| | ਸ | ਦਾ | ਸ | ਹਾ | S | ਈ | S | S |
| | ਪਾ | ਧੁ̤ਾ | ਪਾ | ਮਾ | – | ਪਾ | ਗੁ̤ਾ | ਮਾ |

| | | | | | | | | |
|---|---|---|---|---|---|---|---|---|
| | ਧੰ | ਨੁ | ਹ | ਮਾ | ऽ | ਗਾ | ऽ | ਮੀ |
| | ਮਾ | ਮਾ | – | – | | | | |
| | ऽ | ਤਿ | ऽ | ऽ | | | | |
| ਅੰਤਰਾ : | ਸਾ | ਧੁਾ | ਨੁੀ | ਸਾ | ਰੁੇ | ਸਾ | ਸਾ | – |
| | | o | o | | | | | |
| | ਅਉ | ਖੀ | ऽ | ਘ | ऽ | ੜੀ | ਨ | ऽ |
| | ਗੁਾ | ਗੁਾ | ਮਾ | ਰੁੇ | – | ਸਾ | ਸਾ | – |
| | ਦੇ | ਖ | ਣ | ਦੇ | ऽ | ਈ | ऽ | ऽ |
| | ਪਾ | ਪਾ | ਧੁਾ | ਪਾ | ਮਾ | ਪਾ | ਗੁਾ | ਮਾ |
| | ਅ | ਪ | ਨਾ | ਬਿ | ਰ | ਦੁ | ਸ | ਮਾ |
| | ਮਾ | ਮਾ | – | – | | | | |
| | ऽ | ਲੇ | ऽ | ऽ | | | | |

## ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨

ਜੇ ਗੁਰੁ ਝਿੜਕੇ ਤ ਮੀਠਾ ਲਾਗੈ, ਜੇ ਬਖਸੇ ਤ ਗੁਰ ਵਡਿਆਈ॥ ੨੫॥

ਗੁਰਮੁਖਿ ਬੋਲਹਿ ਸੋ ਥਾਇ ਪਾਏ, ਮਨਮੁਖਿ ਕਿਛੁ ਥਾਇ ਨ ਪਾਈ॥ ੨੬॥

ਪਾਲਾ ਕਕਰੁ ਵਰਫ ਵਰਸੈ, ਗੁਰਸਿਖੁ ਗੁਰ ਦੇਖਣ ਜਾਈ॥ ੨੭॥

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ, ਵਿਚਿ ਅਖੀ ਗੁਰ ਪੈਰ ਧਰਾਈ॥ ੨੮॥

ਅਨੇਕ ਉਪਾਵ ਕਰੀ ਗੁਰ ਕਾਰਣਿ, ਗੁਰ ਭਾਵੈ ਸੋ ਥਾਇ ਪਾਈ॥ ੨੯॥

ਰੈਣਿ ਦਿਨਸੁ ਗੁਰ ਚਰਣ ਅਰਾਧੀ, ਦਇਆ ਕਰਹੁ ਮੇਰੇ ਸਾਈ॥ ੩੦॥

ਨਾਨਕ ਕਾ ਜੀਉ ਪਿੰਡੁ ਗੁਰੂ ਹੈ, ਗੁਰ ਮਿਲਿ ਤ੍ਰਿਪਤਿ ਅਘਾਈ॥ ੩੧॥

ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ, ਜਤ ਕਤ ਤਤ ਗੋਸਾਈ॥ ੩੨॥ ੧॥

(ਪੰਨਾ ੭੫੭-੫੮)

# ਰਾਗ ਭੈਰਵੀ ਤਾਲ ਕਹਿਰਵਾ ੮ ਮਾਤਰਾਂ

| | ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|---|
| ਅਸਥਾਈ : | ਸਾ | ਸਾ | ਰੇ | ਗੁਾ | – | ਮਾ | ਮਾ | – |
| | ਜੋ | ਗੁ | ਰੁ | ਝਿ | ੜ | ਕੇ | ਤ | S |
| | ਪਾ | ਧੁਾ | ਪਾ | ਮਾ | – | ਗੁਾ | – | – |
| | ਮੀ | ਠਾ | S | ਲਾ | S | ਗੈ | ਜੇ | S |
| | ਪਾ | ਧੁਾ | ਮਾ | ਗੁਾ | ਰੇ | ਗੁਾ | ਰੇ | ਸਾ |
| | ਬਖ | ਸੋ | ਤ | ਗੁ | ਰ | ਵ | ਡਿ | ਆ |
| | ਸਾ | ਸਾ | – | ਸਾ | ਰੇ | ਸਾ | ਨੀ | – |
| | S | ਈ | S | S | S | S | ਜੇ | S |
| | ਸਾ | ਸਾ | ਸਾ | ਸਾ | ਰੇ | ਗੁਾ | ਮਾ | ਗੁਾ |

| | | | | | | | | |
|---|---|---|---|---|---|---|---|---|
| | ਬਖ | ਸੇ | ਤ | ਗੁ | ਰ | ਵ | ਡਿ | ਆ |
| | ਰੇ | ਸਾ | – | ਸਾ | – | – | – | – |
| | ਙ | ਈ | ਙ | ਙ | ਙ | ਙ | ਙ | ਙ |
| ਅੰਤਰਾ : | ਪਾ | ਪਾ | ਪਾ | ਪਾ | ਧੁਾ | ਮਾ | ਮਾ | – |
| | ਗੁਰ | ਮੁ | ਖਿ | ਬੋ | ਙ | ਲਹਿ | ਙ | ਸੋ |
| | ਪਾ | ਪਾ | ਨੀ | ਧੁਾ | – | ਪਾ | – | – |
| | ਥਾ | ਙ | ਇ | ਪਾ | ਙ | ਏ | ਙ | ਙ |
| | ਪਾ | ਧੁਾ | ਪਾ | ਮਾ | – | ਗੁਾ | – | – |
| | ਮਨ | ਮੁ | ਖਿ | ਕਿ | ਙ | ਛੁ | ਙ | ਙ |
| | ਸਾ | ਰੇ | ਗੁਾ | ਰੇ | – | ਸਾ | ਸਾ | – |
| | ਥਾ | ਇ | ਨ | ਪਾ | ਙ | ਈ | ਙ | ਙ |

# ਦੂਜਾ ਭਾਗ

## ਅਨੰਦ ਕਾਰਜ ਕੀਰਤਨ

* ਵਿਆਹ ਦੇ ਸ਼ਬਦ ਅਤੇ ਬੰਦਸ਼ਾਂ
* ਬੇਨਤੀ ਤੇ ਸ਼ੁਕਰਾਨੇ ਦੇ ਸ਼ਬਦ ਤੇ ਬੰਦਸ਼ਾਂ
* ਆਨੰਦ ਕਾਰਜ ਦੀ ਆਰੰਭਤਾ ਦੇ ਸ਼ਬਦ ਤੇ ਬੰਦਸ਼ਾਂ
* ਪੱਲੇ ਦਾ ਸ਼ਬਦ ਤੇ ਬੰਦਸ਼
* ਚਾਰ ਲਾਵਾਂ ਤੇ ਬੰਦਸ਼ਾਂ
* ਵਧਾਈ ਦੇ ਸ਼ਬਦ ਤੇ ਅਸੀਸ
* ਆਨੰਦ ਸਾਹਿਬ ਤੇ ਉਸਦੀ ਬੰਦਸ਼

# ਰਾਗ ਬਹਾਰ

ਇਹ ਰਾਗ ਕਾਫ਼ੀ ਠਾਠ ਤੋਂ ਉਤਪੰਨ ਹੋਇਆ ਰਾਗ ਹੈ। ਇਸ ਰਾਗ ਵਿਚ ਦੋਨੋਂ ਗਾ ਅਤੇ ਦੋਨੋਂ ਨੀ ਲਗਦੇ ਹਨ। ਇਸ ਦੀ ਜਾਤੀ ਸ਼ਾਡਵ ਹੈ। ਇਸ ਦੀ ਅਰੋਹੀ ਅਵਰੋਹੀ ਹੇਠ ਲਿਖੀ ਜਾ ਰਹੀ ਹੈ।

| | | | | | | | | | | |
|---|---|---|---|---|---|---|---|---|---|---|
| ਅਰੋਹੀ : | ਸਾ | ਗ੍ਹਾ | ਮ | ਪਾ | ਗ੍ਹਾ | ਮਾ | ਨ੍ਹੀ | ਧਾ | ਨੀ | ਸਾ (ਤਾਰ) |
| ਅਵਰੋਹੀ : | ਸਾ (ਤਾਰ) | ਨ੍ਹੀ | ਪਾ | ਮਾ | ਪਾ | ਗ੍ਹਾ | ਮਾ | ਰੇ | ਸਾ | |

**ਸਲੋਕੁ ਮ : ੫॥**

ਧਰਣਿ ਸੁਵੰਨੀ ਖੜ ਰਤਨ ਜੜਾਵੀ, ਹਰਿ ਪ੍ਰੇਮ ਪੁਰਖੁ ਮਨਿ ਵੁਠਾ॥
ਸਭੇ ਕਾਜ ਸੁਹੇਲੜੇ ਥੀਏ, ਗੁਰੁ ਨਾਨਕੁ ਸਤਿਗੁਰੁ ਤੁਠਾ॥ ੧॥

(ਪੰਨਾ ੩੨੨)

# ਰਾਗ ਬਹਾਰ ਤਿੰਨ ਤਾਲ ਸੋਲ੍ਹਾਂ ਮਾਤਰਾਂ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | ੯ | ੧੦ | ੧੧ | ੧੨ | ੧੩ | ੧੪ | ੧੫ | ੧੬ | ੧ | ੨ | ੩ | ੪ | ੫ | ੬ | ੭ | ੮ |
| | ○ | | | | | | | | | | | | | | | |
| ਅਸਥਾਈ : | ਸਾ | – | ਨ਼ੀ | ਪਾ | ਮਾ | ਪਾ | ਗ਼ਾ | ਮਾ | ਨ਼ੀ | ਧਾ | – | ਨੀ | ਸਾ | ਰੇ | ਨੀ | ਸਾਂ |
| | ਸ | S | ਭੇ | S | ਕਾ | S | ਜ | ਸੁ | ਹੇ | S | ਲ | ਝੇ | ਥੀ | S | ਏ | S |
| | | | | | | | | | | | | | | | (ਗੁ | ਰੂ) |
| | ਸਾਂ | – | ਨ਼ੀ | ਪਾ | ਮਾ | ਪਾ | ਨ਼ੀ | ਪਾ | ਗ਼ਾ | – | ਗ਼ਾ | ਮਾ | ਰੇ | – | ਸਾ | S |
| | ਨਾ | S | ਨ | ਕ | ਸ | ਤਿ | ਗੁ | ਰੁ | ਤੂ | S | S | S | ਠਾ | S | S | – |
| | | | | | | | | | | | | | | | ○ | |
| ਅੰਤਰਾ : | ਮਾ | ਮਾ | ਮਾ | ਮਾ | ਮਾ | ਪਾ | ਗ਼ਾ | ਮਾ | ਨੀ | – | ਧਾ | ਧਾ | ਨੀ | – | ਸਾ | – |
| | * | ਧਰ | ਣਿ | ਸੁ | ਵੰ | ਨੀ | ਖ | ਝ | ਰ | ਤ | ਨ | ਜ | ਙਾ | S | ਵੀ | S |
| | | | | | | | | | | | | (ਜ | ਙਾ | ਵੀ | ਹ | ਰਿ) |
| | | ○ | ○ | ○ | ○ | ○ | ○ | ○ | | | | | ○ | | ○ | |
| | * | ਗ਼ਾ | ਗ਼ਾ | ਮਾ | ਰੇ | ਰੇ | ਸਾ | ਸਾ | – | ਨ਼ੀ | ਧਾ | ਨੀ | ਸਾ | – | ਸਾ | – |
| | | ਪ੍ਰੇ | ਮ | ਪੁ | ਰ | ਖ | ਮ | ਨਿ | S | ਵੂ | S | S | S | S | ਠਾ | S |

## ਰਾਗੁ ਸੂਹੀ ਛੰਤ ਮਹਲਾ ੪ ਘਰੁ ੨॥

ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥
ਵੀਆਹਣਿ ਆਇਆ, ਗੁਰਮੁਖਿ ਹਰਿ ਪਾਇਆ, ਸਾ ਧਨ ਕੰਤ ਪਿਆਰੀ॥
ਸੰਤ ਜਨਾ ਮਿਲਿ ਮੰਗਲ ਗਾਏ, ਹਰਿ ਜੀਉ ਆਪਿ ਸਵਾਰੀ॥
ਸੁਰਿ ਨਰ ਗਣ ਗੰਧਰਬ ਮਿਲਿ ਆਏ, ਅਪੂਰਬ ਜੰਞ ਬਣਾਈ॥
ਨਾਨਕ ਪ੍ਰਭੁ ਪਾਇਆ ਮੈ ਸਾਚਾ, ਨਾ ਕਦੇ ਮਰੈ ਨ ਜਾਈ॥ ੪॥ ੧॥ ੩॥

(ਪੰਨਾ ੭੭੫)

## ਰਾਗ ਆਸਾਵਰੀ ਤਾਲ ਦਾਦਰਾ

| | | | | | | | | |
|---|---|---|---|---|---|---|---|---|
| ਅਰੋਹੀ : | ਸਾ | ਰੇ | ਮਾ | ਪਾ | ਧੁਾ | ਸਾਂ | | |
| ਅਵਰੋਹੀ : | ਸਾਂ | ਨੁੀ | ਧੁਾ | ਪਾ | ਮਾ | ਗੁ | ਰੇ | ਸਾਂ |
| | ੧ | ੨ | ੩ | ੪ | ੫ | ੬ | | |
| ਅਸਥਾਈ : | ਰੇ | ਮਾ | ਮਾ | ਪਾ | ਪਾ | ਨੁੀ | | |
| | ਹਰਿ | ਪ੍ਰ | ਭ | ਕਾ | ਜ | ਰ | | |
| | ਧੁਾ | - | ਮਾ | ਪਾ | - | - | | |

| | | | | | | |
|---|---|---|---|---|---|---|
| | ਢਾ | S | ਇ | ਆ | S | S |
| | o | o | o | o | o | o |
| | ਰੇ | ਗਾ | ਰੇ | ਸਾ | ਸਾ | ਸਾ |
| | ਗੁਰ | ਮੁ | ਖਿ | ਵਿਆ | ਹ | ਣਿ |
| | ਧਾ | ਨੀ | ਧਾ | ਪਾ | - | ਪਾ |
| | ਆ | S | S | ਇ | ਆ | S |
| ਅੰਤਰਾ : | ਮਾ | ਪਾ | ਪਾ | ਧਾ | ਧਾ | ਨੀ |
| | ਵਿਆ | ਹ | ਣਿ | ਆ | ਇਆ | S |
| | o | o | | o | o | |
| | ਸਾ | ਸਾ | ਨੀ | ਰੇ | ਸਾ | - |
| | ਗੁਰ | ਮੁਖਿ | ਹਰਿ | ਪਾ | ਇਆ | S |
| | o | o | o | o | o | |
| | ਰੇ | ਗਾ | ਰੇ | ਸਾ | ਸਾ | - |
| | ਸਾ | ਧ | ਨ | ਕੰ | ਤ | ਪਿ |

| | | | | | |
|---|---|---|---|---|---|
| ੦ | | ੦ | | | |
| ਰੇ | ਨ਼ੀ | ਸਾ | ਧ਼ਾ | ਪਾ | - |
| ਆ | S | S | ਰੀ | S | S |
| ੧ | ੨ | ੩ | ੪ | ੫ | ੬ |
| ਪਾ | ਪਾ | ਪਾ | ਪਾ | ਧ਼ਾ | ਪਾ |
| ਸੰ | ਤ | ਜ | ਨਾ | ਮਿ | ਲਿ |
| ਮਾ | ਪਾ | ਮਾ | ਗ਼ਾ | ਰੇ | ਸਾ |
| ਮੈਂ | ਗ | ਲ | ਗਾ | ਇ | S |
| ਰੇ | ਮਾ | ਮਾ | ਪਾ | ਪਾ | ਨੀ |
| ਹਰਿ | ਜੀ | ਉ | ਆ | ਪਿ | ਸ |
| ਧ਼ਾ | - | ਮਾ | ਪਾ | - | - |
| ਵਾ | S | S | ਰੀ | S | S |

## ਬਿਲਾਵਲੁ ਮਹਲਾ ੫ ॥

ਗੁਰਿ ਪੂਰੈ ਮੇਰੀ ਰਾਖਿ ਲਈ ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ, ਜਨਮ ਜਨਮ ਕੀ ਮੈਲੁ ਗਈ ॥ ੧ ॥ ਰਹਾਉ ॥
ਨਿਵਰੇ ਦੂਤ ਦੁਸਟ ਬੈਰਾਈ, ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ, ਪ੍ਰਭ ਮੇਰੇ ਕਾ ਬਡ ਪਰਤਾਪੁ ॥ ੧ ॥
ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥
ਤਾ ਕੀ ਸਰਨਿ ਪਰਿਓ ਨਾਨਕ ਦਾਸੁ, ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥

(ਪੰਨਾ ੮੨੩-੨੪)

# ਸਰਗਮ ਰਾਗ ਭੈਰਵੀ

ਨੋਟ :- ਰਾਗ ਭੈਰਵੀ ਦੀ ਪੂਰੀ ਜਾਣਕਾਰੀ ਪਹਿਲੇ ਭਾਗ ਵਿਚ ਚੰਗੀ ਤਰ੍ਹਾਂ ਦੇਖੋ। ਏਥੇ ਜਾਣਕਾਰੀ ਵਾਸਤੇ ਮੁਖ ਸੁਰਾਂ ਲਿਖ ਰਹੇ ਹਾਂ।

ਮੁਖ ਸੁਰਾਂ : ਸਾ ਰੇ̱ ਗ̱ਾ ਮਾ ਪਾ ਧ̱ਾ ਨ̱ੀ ਸਾਂ

# ਰਾਗ ਭੈਰਵੀ ਤਿੰਨ ਤਾਲ ੧੬ ਮਾਤਰਾਂ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | X | | | | | | | | | | | | | | | |
| | ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| | | | | | | | | | ਨੁੀ | ਸਾ | ਗੁਾ | ਮਾ | ਪਾ | ਧੁਾ | ਪਾ | - |
| | | | | | | | | | ੦ | | | | | | | |
| | | | | | | | | | ਗੁ | ਰਿ | ਪੂ | S | ਰੈ | S | ਮੇ | ਰੀ |
| ਅਸਥਾਈ : | ਗੁਾ | - | ਪਾ | ਮਾ | ਰੁੇ | - | ਸਾ | - | ਨੁੀ | ਸਾ | ਧੁਾ | ਨੁੀ | ਸਾ | ਰੁੇ | ਸਾ | - |
| | | | | | | | | | ੦ | | | ੦ | | | | |
| | ਰਾ | S | ਖਿ | ਲ | ਈ | S | S | S | ਅੰ | S | ਮ੍ਰਿ | ਤ | ਨਾ | S | ਮ | ਰਿ |
| | ਗੁਾ | - | ਪਾ | ਮਾ | ਰੁੇ | - | ਸਾ | - | ਨੁੀ | ਸਾ | ਗੁਾ | ਮਾ | ਪਾ | ਧੁਾ | ਪਾ | - |
| | | | | | | | | | ੦ | | | | | | | |
| | ਦੈ | S | ਮ | ਹਿ | ਦੀ | S | ਨੋ | S | ਜ | ਨ | ਮ | ਜ | ਨ | ਮ | ਕੀ | S |
| | ਗੁ | - | ਪਾ | ਮਾ | ਰੁੇ | - | ਸਾ | - | | | | | | | | |
| | ਮੈ | S | ਲ | ਗ | ਈ | S | S | S | | | | | | | | |
| | | | | | | | | | ਸਾ | ਗੁਾ | ਗੁਾ | ਮਾ | ਧੁਾ | - | ਨੁੀ | ਨੁੀ |
| | | | | | | | | | * | ਨਿ | ਵ | ਰੇ | ਦੂ | S | ਤ | S |

○ ○ ○ ○ ○

ਅੰਤਰਾ : ਸਾ - ਸਾ ਸਾ ਨ਼ੀ ਰੇ਼ ਸਾ - - -

○ ○ ○

ਦੁਸ ਟ ਬੈ ऽ ਰਾ ऽ ਈ ऽ ऽ * ਨ਼ੀ ਨ਼ੀ ਨ਼ੀ ਸਾ - ਸਾ ਸਾ

ਗੁ ਰ ਪੂ ਰੈ ऽ ਕਾ ऽ

○ ○ ○ ○ ○

ਨ਼ੀ - ਰੇ ਸਾ ਧੁ਼ਾ - ਪਾ - - ਪਾ ਗ਼ਾ ਰੇ਼ ਗ਼ਾ ਸਾ ਰੇ਼ ਨ਼ੀ ਸਾ

ਜ ਪਿ ਆ ऽ ਜਾ ऽ ਪੁ ऽ ऽ ਕ ऽ ਹਾਂ ਕ ਰੈ ऽ ਕੋ ऽ

○

ਨ਼ੀ - ਰੇ਼ ਸਾ ਧੁ਼ਾ - ਪਾ - - ਪਾ ਪਾ ਪਾ ਪਾ ਧੁ਼ਾ - ਪਾ -

ਈ ऽ ਬੇ ऽ ਚਾ ऽ ਰਾ ऽ ऽ * ਪ੍ਰ ਭ ਮੇ ਰੇ ऽ ਕਾ ऽ

ਗ਼ਾ - ਪਾ ਮਾ ਰੇ਼ - ਸਾ - -

ਬ ਡ ਪ ਰ ਤਾ ऽ ਪ ऽ ऽ

## ਰਾਗੁ ਰਾਮਕਲੀ ਮਹਲਾ ੫ ਘਰੁ ੧

ਕਿਰਪਾ ਕਰਹੁ ਦੀਨ ਕੇ ਦਾਤੇ, ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ॥
ਮਾਟੀ ਕਾ ਕਿਆ ਧੋਪੈ ਸੁਆਮੀ, ਮਾਣਸ ਕੀ ਗਤਿ ਏਹੀ॥ ੧॥
ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ॥
ਜੋ ਇਛਹੁ ਸੋਈ ਫਲੁ ਪਾਵਹੁ, ਫਿਰਿ ਦੂਖੁ ਨ ਵਿਆਪੈ ਕੋਈ॥ ੧॥ ਰਹਾਉ॥
ਕਾਚੇ ਭਾਡੇ ਸਾਜਿ ਨਿਵਾਜੇ, ਅੰਤਰਿ ਜੋਤਿ ਸਮਾਈ॥
ਜੈਸਾ ਲਿਖਤੁ ਲਿਖਿਆ ਧੁਰਿ ਕਰਤੈ, ਹਮ ਤੈਸੀ ਕਿਰਤਿ ਕਮਾਈ॥ ੨॥
ਮਨੁ ਤਨੁ ਥਾਪਿ ਕੀਆ ਸਭੁ ਅਪਨਾ, ਏਹੋ ਆਵਣ ਜਾਣਾ॥
ਜਿਨਿ ਦੀਆ ਸੋ ਚਿਤਿ ਨ ਆਵੈ, ਮੋਹਿ ਅੰਧੁ ਲਪਟਾਣਾ ॥ ੩॥
ਜਿਨਿ ਕੀਆ ਸੋਈ ਪ੍ਰਭੁ ਜਾਣੈ, ਹਰਿ ਕਾ ਮਹਲੁ ਅਪਾਰਾ॥
ਭਗਤਿ ਕਰੀ ਹਰਿ ਕੇ ਗੁਣ ਗਾਵਾ, ਨਾਨਕ ਦਾਸੁ ਤੁਮਾਰਾ॥ ੪॥ ੧॥

(ਪੰਨਾ ੮੮੨-੮੩)

# ਮਿਸ਼ਰਤ ਰਾਗ ਸਰਗਮ ਰੂਪਕ ਤਾਲ ਸੱਤ ਮਾਤਰਾਂ

| | | | | | | | | | | |
|---|---|---|---|---|---|---|---|---|---|---|
| | ੦ | | | | | | | | | |
| ਮੁਖ ਸੁਰਾਂ : | ਪਾ | ਨੀ | ਸਾ | ਰੇ | ਗਾ | ਮਾ | ਪਾ | ਧਾ | ਨੀ | ਸਾਂ |
| | ੦ | ੦ | | | | | | | | |

# ਮਿਸ਼ਰਤ ਰਾਗ ਤਾਲ ਰੂਪਕ

| | | | | | | | |
|---|---|---|---|---|---|---|---|
| | ੧ | ੨ | ੩ | ੪ | ੫ | ੬ | ੭ |
| ਅਸਥਾਈ : | ਪਾ | ਨੀ | ਸਾ | ਗਾ | - | ਗਾ | - |
| | ੦ | ੦ | | | | | |
| | ਮੇ | ਰੇ | S | ਮ | S | ਨ | S |
| | ਮਾ | ਮਾ | ਰੇ | ਨੀ | ਨੀ | ਸਾ | ਸਾ |
| | | | | ੦ | ੦ | | |
| | ਸਤਿ | ਗੁ | ਰੁ | ਸੇ | ਵ | ਸੁ | ਖ |

| | | | | | | | |
|---|---|---|---|---|---|---|---|
| | ਗਾ | ਰੇ | ਨ਼ੀ<br>o | ਸਾ | – | ਸਾ | – |
| | ਹੋ | S | S | ਈ | S | S | S |
| | ਪਾ | ਪਾ | ਪਾ | ਪਾ | – | ਪਾ | – |
| | ਜੋ | S | ਇ | ਛਹੁ | S | ਸੋ | S |
| | ਧਾ | ਮਾ | ਮਾ | ਮਾ | – | ਮਾ | – |
| | ਈ | S | ਫਲ | ਪਾ | ਵਹੁ | ਫਿ | ਰਿ |
| | ਨ਼ੀ | ਧਾ | ਪਾ | ਮਾ | – | ਪਾ | ਮਾ |
| | ਦੂ | ਖ | ਨ | ਬਿਆ | S | ਪੇ | S |
| | ਮਾ | – | ਸਾ | ਰੇ | – | ਸਾ | – |
| | ਕੋ | S | S | ਈ | S | S | S |
| ਅੰਤਰਾ : | ਪਾ | ਪਾ | ਪਾ | ਪਾ | – | ਪਾ | – |
| | ਕਿਰ | ਪਾ | S | ਕ | ਰ | ਹੁ | S |
| | ਪਾ | ਧਾ | ਪਾ | ਮਾ | – | ਮਾ | – |

| | | | | | | |
|---|---|---|---|---|---|---|
| ਦੀ | ਨ | ਕੇ | ਦਾ | ਤੇ | ਮੇ | ਰਾ |
| ਧਾ | ਧਾ | ਧਾ | ਨ਼ੀ | ਨ਼ੀ | ਨ਼ੀ | ਨ਼ੀ |
| ਗੁਣ | ਅ | ਵ | ਗੁ | ਣ | ਨ | ਬੀ |
| ਧਾ | ਮਾ | ਧਾ | ਪਾ | – | ਪਾ | – |
| ਚਾ | S | ਰਹੁ | ਕੋ | S | ਈ | S |
| ਪਾ | ਪਾ | ਪਾ | ਪਾ | – | ਪਾ | – |
| ਮਾ | ਟੀ | S | ਕਾ | S | ਕਿਆ | S |
| ੧ | ੨ | ੩ | ੪ | ੫ | ੬ | ੭ |
| ਪਾ | ਧਾ | ਪਾ | ਮਾ | – | ਮਾ | – |
| ਧੋ | S | ਪੈ | ਸੁਆ | S | ਮੀ | S |
| ਨ਼ੀ | ਧਾ | ਪਾ | ਮਾ | – | ਪਾ | ਮਾ |
| ਮਾ | ਣ | ਸ | ਕੀ | S | ਗ | ਤਿ |
| ਮਾ | – | ਗਾ | ਰੇ | – | ਸਾ | – |
| ਏ | S | S | ਹੀ | S | S | S |

### ਸਲੋਕ ਮ: ੫ (ਰਾਮਕਲੀ ਕੀ ਵਾਰ)

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
ਹਰਿਨਾਮੋ ਮੰਤ੍ਰੁ ਦ੍ਰਿੜਾਇਦਾ, ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ, ਜਿਨਾ ਧੁਰੇ ਪਇਆ ਸੰਜੋਗੁ ॥ ੧ ॥

(ਪੰਨਾ ੯੫੭)

## ਸਰਗਮ ਰਾਗ ਆਸਾਵਰੀ ਤਾਲ ਰੂਪਕ ਸੱਤ ਮਾਤਰਾਂ

| | | | | | | | | |
|---|---|---|---|---|---|---|---|---|
| ਮੁਖ ਸੁਰਾਂ : | ਸਾ | ਰੇ | ਗੁਾ | ਮਾ | ਪਾ | ਧੁਾ | ਨੁੀ | ਸ |
| | ੧ | ੨ | ੩ | ੪ | ੫ | ੬ | ੭ | |
| ਅਸਥਾਈ : | ਸਾ | ਰੇ | ਮਾ | ਪਾ | – | ਮਾ | ਪਾ | |
| | ਵਿ | ਛੁ | ੜਿ | ਆ | S | ਮੇ | S | |
| | ਧੁਾ | – | ਮਾ | ਪਾ | – | ਪਾ | – | |
| | ਲੇ | S | ਪ੍ਰ | ਭੂ | S | ਹ | ਰਿ | |
| | ਪਾ | ਪਾ | ਪਾ | ਪਾ | – | ਮਾ | ਪਾ | |

| | | | | | | | |
|---|---|---|---|---|---|---|---|
| | ਦਰ | ਗ | ਹ | ਕਾ | S | ਬ | S |
| | ਧ਼ਾ | – | ਪਾ | ਮਾ | ਗ਼ਾ | ਰੇ | ਸਾ |
| | ਸੀ | S | S | ਠੁ | S | S | S |
| | ੧ | ੨ | ੩ | ੪ | ੫ | ੬ | ੭ |
| ਅੰਤਰਾ : | ਮਾ | ਮਾ | ਪਾ | ਧ਼ਾ | – | ਨ਼ੀ | ਨ਼ੀ |
| | ਜੈ | ਸਾ | S | ਸ | ਤਿ | ਗੁ | ਰੁ |
| | o | | o | o | | o | |
| | ਸਾ | – | ਸਾ | ਰੇ | ਨ਼ੀ | ਸਾ | – |
| | ਸੁ | ਣੀ | S | ਦਾ | S | S | S |
| | o | | o | o | | o | o |
| | ਰੇ | – | ਰੇ | ਗ਼ਾ | – | ਰੇ | ਸਾ |
| | ਤੈ | ਸੋ | S | ਹੀਂ | S | ਮੈ | S |
| | ਰੇ | ਨ਼ੀ | ਸਾ | ਧ਼ਾ | – | ਪਾ | – |
| | ਡੀ | S | S | ਠੁ | S | S | S |

## ਪਉੜੀ (ਸਿਰੀ ਰਾਗ ਕੀ ਵਾਰ)

ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥
ਸੰਤਾ ਸੰਗਿ ਨਿਧਾਨੁ, ਅੰਮ੍ਰਿਤੁ ਚਾਖੀਐ ॥
ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ ॥
ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ ॥ ੨੦ ॥

(ਪੰਨਾ ੯੧)

# ਪ੍ਰਚੱਲਤ ਪੁਰਾਤਨ ਧੁਨੀ ਤਾਲ ਕਹਿਰਵਾ ਅੱਠ ਮਾਤਰਾਂ

| | ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|---|
| ਅਸਥਾਈ : | ਸਾ | ਰੇ | ਗਾ | ਗਾ | ਰੇ | ਰੇ | ਸਾ | – |
| | ਕੀ | ਤਾ | ਲੌ | S | ੜੀ | ਐ | ਕੰ | ਮ |
| | ਸ | ਪਾ | ਪਾ | ਧਾ | ਪਾ | ਮਾ | ਗਾ | – |
| | S | ਸੁ | ਹ | ਰਿ | ਪ | ਹਿ | ਆ | S |
| | ਸਾ | ਰੇ | ਗਾ | – | ਰੇ | ਰੇ | ਸਾ | – |
| | S | ਖੀ | ਐ | S | ਮਾ | ਹਾ | ਰਾ | ਜ |
| | ਸਾ | ਪਾ | ਪਾ | ਧਾ | ਪਾ | ਮਾ | ਗਾ | – |
| | S | ਸੁ | ਹ | ਰਿ | ਪ | ਹਿ | ਆ | S |
| | ਸਾ | ਰੇ | ਗਾ | – | ਰੇ | ਰੇ | ਸਾ | – |
| | S | ਖੀ | ਐ | S | ਮਾ | ਹਾ | ਰਾ | ਜ |

ਸਾਰਾ ਸ਼ਬਦ ਏਸੇ ਧੁਨੀ ਤੇ ਪੜ੍ਹੋ।

**ਸਲੋਕ ਮ: ੫॥**

ਉਸਤਤਿ ਨਿੰਦਾ ਨਾਨਕ ਜੀ, ਮੈ ਹਭ ਵਞਾਈ, ਛੋੜਿਆ, ਹਭੁ ਕਿਝੁ ਤਿਆਗੀ॥
ਹਭੇ ਸਾਕ ਕੂੜਾਵੇ ਡਿਠੇ, ਤਉ ਪਲੈ ਤੈਡੈ ਲਾਗੀ ॥੧॥ ਮ: ੫॥ (ਪੰਨਾ ੯੬੩)

# ਸਰਗਮ ਪ੍ਰਚੱਲਤ ਪੁਰਾਤਨ ਧੁਨੀ ਤਾਲ ਦਾਦਰਾ ੬ ਮਾਤਰਾਂ

| | ੧ | ੨ | ੩ | ੪ | ੫ | ੬ |
|---|---|---|---|---|---|---|
| ਅਸਥਾਈ : | ਸਾ | ਰੇ | ਸਾ | ਨ਼ੀ | ਧਾ | ਨ਼ੀ |
| | | | | ੦ | ੦ | ੦ |
| | ਪ | ਲੈ | S | ਤੈ | S | ਡੈ |
| | ਸਾ | ਮਾ | ਗਾ | ਮਾ | – | – |
| | ਲਾ | S | S | ਗੀ | S | S |
| | ਮਾ | ਪਾ | ਮਾ | ਗ਼ਾ | ਰੇ | ਸਾ |
| | ਪ | ਲੈ | S | ਤੈ | S | ਡੈ |
| | ਰੇ | ਗ਼ਾ | ਰੇ | ਗ਼ਾ | – | – |
| | ਲਾ | S | S | ਗੀ | S | S |

| | | | | | |
|---|---|---|---|---|---|
| ਸਾ | ਸਾ | ਰੇ | ਗ੍ਹਾ | – | ਰੇ |
| ਪ | ਲੈ | ਙ | ਤੈ | ਙ | ਡੈ |
| ਸਾ | – | – | ਸਾ | – | – |
| ਲਾ | ਙ | ਙ | ਗੀ | ਙ | ਙ |

## ਅੰਤਰਾ

| ੧ | ੨ | ੩ | ੪ | ੫ | ੬ |
|---|---|---|---|---|---|
| ਪਾ | ਪਾ | ਪਾ | ਪਾ | ਗਾ | ਮਾ |
| ਉਸ | ਤ | ਤਿ | ਨਿੰ | ਦਾ | ਙ |
| ਪਾ | ਧ੍ਹਾ | ਮਾ | ਪਾ | – | – |
| ਨਾ | ਨ | ਕ | ਜੀ | ਮੈ | ਙ |
| ਗਾ | ਗਾ | ਗਾ | ਮਾ | ਪਾਂ | ਪਾ |
| ਹ | ਭੁ | ਵੰ | ਞਾ | ਈ | ਙ |
| ਗ੍ਹਾ | ਰੇ | ਨੀ<br>o | ਸਾ | – | – |
| ਛੋ | ਙ | ਡਿ | ਆ | ਙ | ਙ |

| | | | | | |
|---|---|---|---|---|---|
| ਗਾ | ਗਾ | ਗਾ | ਮਾ | ਪਾ | ਪਾ |
| ਹ | ਭੁ | S | ਕਿ | ਝੁ | ਤਿ |
| ਗੁਾ | ਰੇ | ਨੀ | ਸਾ | – | – |
| | | ੦ | | | |
| ਆ | S | S | ਰੀ | S | S |
| ਪਾ | ਪਾ | ਪਾ | ਪਾ | ਗਾ | ਮਾ |
| ਹ | ਭੇ | S | ਸਾ | ਕ | ਕੂ |
| ਪਾ | ਧੁਾ | ਮਾ | ਪਾ | – | – |
| ਝਾ | ਵੇ | S | ਡਿ | ਠੇ | ਤਉ |
| ਗਾ | ਗਾ | ਗਾ | ਮਾ | ਪਾ | ਪਾ |
| ਪ | ਲੈ | S | ਤੈ | ਡੇ | S |
| ਗੁਾ | ਰੇ | ਨੀ | ਸਾ | – | – |
| | | ੦ | | | |
| ਲਾ | S | S | ਰੀ | S | S |

## ਸੂਹੀ ਮਹਲਾ ੪ ॥

ਹਰਿ ਪਹਿਲੜੀ ਲਾਵ, ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ, ਪਾਪ ਤਜਾਇਆ ਬਲਿਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ, ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ, ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ, ਆਰੰਭੁ ਕਾਜੁ ਰਚਾਇਆ ॥ ੧ ॥

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ ॥
ਨਿਰਭਉ ਭੈ ਮਨੁ ਹੋਇ, ਹਉਮੈ ਮੈਲੁ ਗਵਾਇਆ ਬਲਿਰਾਮ ਜੀਉ ॥
ਨਿਰਮਲੁ ਭਉ ਪਾਇਆ, ਹਰਿ ਗੁਣ ਗਾਇਆ, ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ, ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ, ਅਨਹਦ ਸਬਦ ਵਜਾਏ ॥ ੨ ॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ, ਵਡਭਾਗੀਆ ਬਲਿਰਾਮ ਜੀਉ॥
ਨਿਰਮਲੁ ਹਰਿ ਪਾਇਆ, ਹਰਿ ਗੁਣ ਗਾਇਆ, ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ, ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ, ਹਰਿ ਜਪੀਐ ਮਸਤਕਿ ਭਾਗੁ ਜੀਉ॥
ਜਨੁ ਨਾਨਕੁ ਬੋਲੇ ਤੀਜੀ ਲਾਵੈ, ਹਰਿ ਉਪਜੈ ਮਨਿ ਬੈਰਾਗੁ ਜੀਉ॥ ੩॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ, ਹਰਿ ਪਾਇਆ ਬਲਿਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ, ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ, ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ, ਕਾਜੁ ਰਚਾਇਆ, ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੇ ਚਉਥੀ ਲਾਵੈ, ਹਰਿ ਪਾਇਆ ਪ੍ਰਭੁ ਅਵਿਨਾਸੀ॥ ੪॥ ੨॥

(ਪੰਨਾ ੭੭੩-੭੪)

# ਸਰਗਮ ਲਾਵਾਂ ਪੁਰਾਤਨ ਪ੍ਰਚੱਲਤ ਧੁਨੀ ਤਾਲ ਰੂਪਕ ੭ ਮਾਤਰਾਂ

| ੧ | ੨ | ੩ | ੪ | ੫ | ੬ | ੭ |
|---|---|---|---|---|---|---|
| | | | | | | ਸਾ |
| | | | | | | ਹਰਿ |
| ਸਾ | ਸਾ | ਸਾ | ਸਾ | – | ਸਾ | – |
| ਪਹਿ | ਲ | ੜੀ | ਲਾ | ਵ | ਪ | ਰ |
| ਰੇ | ਗ੍ਹਾ | ਰੇ | ਸਾ | – | ਨ਼ੀ | ਨ਼ੀ |
| | | | | | o | o |
| ਵਿ | ਰ | ਤੀ | ਕ | ਰ | ਮ | ਦ੍ਰਿ |
| ਧਾ | ਧਾ | ਧਾ | ਸਾ | – | ਸਾ | – |
| o | o | o | | | | |
| ੜਾ | S | S | ਇਆ | – | ਬ | ਲਿ |
| ਰੇ | ਗ੍ਹਾ | ਰੇ | ਰੇ | – | ਰੇ | – |
| ਰਾ | ਮ | ਜੀਉ | S | S | S | S |

| | | | | | | |
|---|---|---|---|---|---|---|
| ਮਾ | ਮਾ | ਗਾ | ਮਾ | – | ਗ੍ਹਾ | ਰੇ |
| ਬਾ | S | ਣੀ | ਬ੍ਰਹ | S | ਮਾ | S |
| ਗ੍ਹਾ | – | ਰੇ | ਸਾ | – | ਨ੍ਹੀ | ਧਾ |
| | | | | | o | o |
| ਵੇ | S | ਦ | ਧਰ | ਮੁ | ਦ੍ਰਿੜ | ਹੁ |
| ਸਾ | ਸਾ | ਸਾ | ਰੇ | – | ਗ੍ਹਾ | – |
| ਪਾ | ਪ | ਤ | ਜਾ | ਇਆ | ਬ | ਲਿ |
| ਰੇ | – | ਰੇ | ਸਾ | – | ਗਾ | – |
| ਰਾ | ਮ | ਜੀ | ਉ | S | S | S |

ਸਾਰੀ ਲਾਵ ਦਾ ਕੀਰਤਨ ਉੱਪਰ ਦਿੱਤੀ ਸਰਗਮ ਅਨੁਸਾਰ ਕਰੋ ਅਤੇ ਬਾਕੀ ਦੀਆਂ ਤਿੰਨ ਲਾਵਾਂ ਦਾ ਕੀਰਤਨ ਵੀ ਏਸੇ ਹੀ ਸਰਗਮ ਤੇ ਕਰੋ।

## ਸਿਰੀ ਰਾਗੁ ਮਹਲਾ ੪ ਘਰੁ ੨ ਛੰਤ

ਵੀਆਹੁ ਹੋਆ ਮੇਰੇ ਬਾਬੁਲਾ, ਗੁਰਮੁਖੇ ਹਰਿ ਪਾਇਆ।।
ਅਗਿਆਨੁ ਅੰਧੇਰਾ ਕਟਿਆ, ਗੁਰ ਗਿਆਨੁ ਪ੍ਰਚੰਡੁ ਬਲਾਇਆ।।
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ, ਹਰਿ ਰਤਨੁ ਪਦਾਰਥੁ ਲਾਧਾ।।
ਹਉਮੈ ਰੋਗੁ ਗਇਆ ਦੁਖੁ ਲਾਥਾ, ਆਪੁ ਆਪੈ ਗੁਰਮਤਿ ਖਾਧਾ।।
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ, ਨਾ ਕਦੇ ਮਰੈ ਨ ਜਾਇਆ।।
ਵੀਆਹੁ ਹੋਆ ਮੇਰੇ ਬਾਬੋਲਾ, ਗੁਰਮੁਖੇ ਹਰਿ ਪਾਇਆ।। ੨।। (ਪੰਨਾ ੭੮)

# ਰਾਗ ਭੈਰਵੀ ਤਾਲ ਕਹਿਰਵਾ ੮ ਮਾਤਰਾਂ

| | ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|---|
| | | | | | | | | ਸਾ |
| | | | | | | | | ਵਿ |
| ਅਸਥਾਈ : | ਧ਼ਾ | ਸਾ | ਸਾ | ਸਾ | ਰ਼ੇ | ਸਾ | ਨ਼ੀ | – |
| | ੦ | | | | | | ੦ | |
| | ਆ | ਹੁ | ਹੋ | ਆ | S | ਮੇ | ਰੇ | S |
| | ਸਾ | ਸਾ | ਰ਼ੇ | ਗ਼ਾ | – | ਗ਼ਾ | – | – |

| | | | | | | | | |
|---|---|---|---|---|---|---|---|---|
| | ਬਾ | S | ਬੁ | ਲਾ | S | S | S | S |
| | ਪਾ | ਧੁਾ | ਮਾ | ਗੁਾ | ਰੁੇ | ਗੁਾ | ਰੁੇ | ਸਾ |
| | ਗੁ | ਰ | ਮੁ | ਖੇ | S | ਹ | ਰਿ | ਪਾ |
| | ਸਾ | ਸਾ | – | ਸਾ | – | ਸਾ | – | – |
| | S | ਇਆ | S | S | S | ਅ | ਗਿ | S |
| | ਧੁਾ | ਸਾ | ਸਾ | ਸਾ | ਰੁੇ | ਸਾ | ਨੁੀ | – |
| | ੦ | | | | | | ੦ | |
| | ਆ | ਨ | ਅੰ | S | ਧੇ | ਰਾ | S | S |
| | ਸਾ | ਸਾ | ਰੁੇ | ਗੁਾ | – | ਗੁਾ | – | – |
| | ਕ | S | ਟਿ | ਆ | S | ਗੁ | ਰ | S |
| | ੧ | ੨ | ੩ | ੪ | ੫ | ੬ | ੭ | ੮ |
| | ਪਾ | ਧੁਾ | ਮਾ | ਗੁਾ | ਰੁੇ | ਗੁਾ | ਰੇ | ਸਾ |
| | ਗਿਆ | ਨੁ | ਪ੍ਰ | ਚੰ | S | ਡ | ਬ | ਲਾ |
| | ਸਾ | ਸਾ | – | ਸਾ | – | ਸਾ | – | – |
| | S | ਇਆ | S | S | S | S | S | S |
| ਅੰਤਰਾ : | ਪਾ | ਪਾ | ਪਾ | ਪਾ | ਧੁਾ | ਮਾ | ਮਾ | ਮਾ |

| | | | | | | | |
|---|---|---|---|---|---|---|---|
| ਬ | ਲਿਆ | ਗੁਰ | ਗਿ | ਆ | ਨ | ऽ | ਅੰ |
| ਪਾ | ਪਾ | ਨੁੀ | ਧੁਾ | – | ਪਾ | – | – |
| ਧੇ | ਰਾ | ਬਿ | ਨ | ਸਿ | ਆ | ਹਰਿ | ऽ |
| ਪਾ | ਧੁਾ | ਪਾ | ਮਾ | ਗੁਾ | ਮਾ | ਗੁਾ | ਰੁੇ |
| ਰਤ | ਨੁ | ਪ | ਦਾ | ऽ | ਰ | ਥ | ਲਾ |
| ਰੇ | ਸਾ | – | ਸਾ | – | ਸਾ | – | – |
| ऽ | ਧਾ | ऽ | ऽ | ऽ | ऽ | ऽ | ऽ |
| ੦ | | | | | | | |
| ਧੁਾ | ਸਾ | ਸਾ | ਸਾ | ਰੁੇ | ਸਾ | ਨੁੀ | – |
| ਹ | ਉ | ਮੈ | ਰੇ | ऽ | ਗ | ਗ | ਇਆ |
| ਸਾ | ਸਾ | ਸਾ | ਗੁਾ | ਰੁੇ | ਗੁਾ | – | – |
| ऽ | ਦੁ | ਖ | ਲਾ | ਥਾ | ਆ | ਪੁ | ऽ |
| ਪਾ | ਧੁਾ | ਮਾ | ਗੁਾ | ਰੁੇ | ਗੁਾ | ਰੁੇ | ਸ |
| ਆ | ऽ | ਪੈ | ਗੁ | ਰ | ਮ | ਤਿ | ਖਾ |
| ਸਾ | – | ਸਾ | – | ਸਾ | – | ਸਾ | – |
| ऽ | ਧਾ | ऽ | ऽ | ऽ | ऽ | ऽ | ऽ |

## ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪

ਪੂਰੀ ਆਸਾ ਜੀ ਮਨਸਾ ਮੇਰੇ ਰਾਮ॥
ਮੋਹਿ ਨਿਰਗੁਣ ਜੀਉ, ਸਭਿ ਗੁਣ ਤੇਰੇ ਰਾਮ॥
ਸਭਿ ਗੁਣ ਤੇਰੇ ਠਾਕੁਰ ਮੇਰੇ, ਕਿਤੁ ਮੁਖਿ ਤੁਧੁ ਸਾਲਾਹੀ॥
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ॥
ਬਖਸਿ ਲੀਆ ਖਿਨ ਮਾਹੀ॥
ਨਉ ਨਿਧਿ ਪਾਈ ਵਜੀ ਵਾਧਾਈ, ਵਾਜੇ ਅਨਹਦ ਤੂਰੇ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ॥੪॥੨॥

(ਪੰਨਾ ੫੭੭)

# ਰਾਗ ਭੈਰਵੀ ਤਾਲ ਦਾਦਰਾ ੬ ਮਾਤਰਾਂ

| | ੧ | ੨ | ੩ | ੪ | ੫ | ੬ |
|---|---|---|---|---|---|---|
| ਅਸਥਾਈ : | ਸਾ | ਰੇ | ਸਾ | ਨੀ | ਸਾ | ਰੇ |
| | ਪੂ | ਰੀ | ਡ | ਆ | ਸਾ | ਡ |
| | ਗਾ | – | – | ਗਾ | – | – |
| | ਜੀ | ਡ | ਡ | ਡ | ਡ | ਡ |

| | | | | | | |
|---|---|---|---|---|---|---|
| | ਪਾ | ਯੁਾ | ਮਾ | ਰੇ | ਗੁਾ | ਰੇ |
| | | | | | – | – |
| | ਮਨ | ਸਾ | ਙ | ਮੇ | ਰੇ | ਙ |
| | ਸਾ | – | – | ਸਾ | – | – |
| | ਰਾ | ਙ | ਙ | ਮ | ਙ | ਙ |
| | ੧ | ੨ | ੩ | ੪ | ੫ | ੬ |
| | ਸਾ | ਰੇ | ਸਾ | ਨੀ | ਸਾ | ਰੇ |
| | | | | o | | |
| | ਮੋਹਿ | ਨਿ | ਰ | ਗੁ | ਣ | ਙ |
| | ਗੁਾ | – | – | ਗੁਾ | – | – |
| | ਜੀ | ਙ | ਙ | ੳ | ਙ | ਙ |
| | ਪਾ | ਧੁਾ | ਮਾ | ਰੇ | ਗੁਾ | ਰੇ |
| | ਸਭਿ | ਗੁ | ਣ | ਤੇ | ਰੇ | ਙ |
| | ਸਾ | – | – | ਸਾ | – | – |
| | ਰਾ | ਙ | ਙ | ਮ | ਙ | ਙ |
| ਅੰਤਰਾ : | ਸਾ | ਨੀ | ਧੁਾ | ਨੀ | ਸਾ | – |
| | | o | o | o | | |

| | | | | | |
|---|---|---|---|---|---|
| ਸਭ | ਗੁ | ਣ | ਤੇ | ਰੇ | S |
| ਸਾ | ਰੇ̱ | ਗਾ̱ | ਰੇ̱ | ਸਾ | – |
| ਠਾ | ਕੁ | ਰ | ਮੇ | ਰੇ | S |
| ਪਾ | ਧਾ̱ | ਪਾ | ਮਾ | ਗਾ̱ | ਰੇ̱ |
| ਕਿਤ | ਮੁ | ਖਿ | ਤੁ | ਧੁ | ਸ |
| ਗਾ̱ | ਗਾ̱ | ਰੇ̱ | ਸਾ | – | – |
| ਲਾ | S | S | ਹੀ | S | S |
| ਸਾ | ਨੀ̱ | ਧਾ̱ | ਨੀ̱ | ਸਾ | – |
| | ○ | ○ | ○ | | |
| ਗੁਣ | ਅ | ਵ | ਗੁਣ | ਮੇ | ਰਾ |
| ਸਾ | ਰੇ̱ | ਗਾ̱ | ਰੇ̱ | ਸਾ | – |
| ਕਿਛ | ਨ | ਬਿ | ਚਾ | ਰਿਆ | S |
| ਪਾ | ਧਾ̱ | ਪਾ | ਮਾ | ਗਾ̱ | ਰੇ̱ |
| ਬਖ | ਸਿ | ਲੀ | ਆ | ਖਿ | ਨ |
| ਗਾ̱ | ਗਾ̱ | ਰੇ̱ | ਸਾ | – | – |
| ਮਾ | S | S | ਹੀ | S | S |

ਛੰਤ॥

ਗੁਰਸਿਖਾ ਮਨਿ ਵਾਧਾਈਆ, ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥
ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ, ਸੋ ਲਗੈ ਗੁਰਸਿਖਾ ਮਨਿ ਮਿਠਾ॥
ਹਰਿ ਦਰਗਹ ਗੁਰਸਿਖ ਪੈਨਾਈਅਹਿ, ਜਿਨ੍ਾ ਮੇਰਾ ਸਤਿਗੁਰੁ ਤੁਠਾ॥
ਜਨ ਨਾਨਕੁ ਹਰਿ ਹਰਿ ਹੋਇਆ, ਹਰਿ ਹਰਿ ਮਨਿ ਵੁਠਾ॥੪॥੧੨॥੧੯॥

(ਪੰਨਾ ੪੫੧)

# ਰਾਗ ਭੈਰਵੀ ਤਾਲ ਦਾਦਰਾ ੬ ਮਾਤਰਾਂ

| | ੧ | ੨ | ੩ | ੪ | ੫ | ੬ |
|---|---|---|---|---|---|---|
| ਅਸਥਾਈ : | ਸਾ | ਧੁ॒ | ਧੁ॒ | ਮਾ | ਪਾ | ਪਾ |
| | ਵ | ਧਾ | ਈਆ | ਵ | ਧਾ | ਈਆ |
| | ਗੁ॒ | ਗੁ॒ | ਮਾ | ਪਾ | ਮਾ | – |
| | ਵ | ਧਾ | S | ਈ | ਆ | ਗੁ |

| | | | | | | |
|---|---|---|---|---|---|---|
| | ਮਾ | ਨੀ | ਨੀ | ਨੀ | ਰੇ | ਰੇ |
| | | o | o | o | | |
| | ਰ | ਸਿ | ਖਾ | S | ਮ | ਨ |
| | ਮਾ | ਗ਼ਾ | – | ਰੇ | ਸਾ | – |
| | ਵ | ਧਾ | S | S | ਈਆ | S |
| | | | | | (ਗੁ | ਰ) |
| ਅੰਤਰਾ : | ਸਾ | ਸਾ | ਸਾ | ਨੀ | ਧ਼ਾ | ਮਾ |
| | ਸਿ | ਖਾ | S | ਮ | ਨ | ਵ |
| | ਪਾ | ਧ਼ਾ | ਨੀ | ਪਾ | – | – |
| | ਧਾ | S | ਈ | ਆ | ਜਿਨ | ਮੇਰਾ |
| | ਪਾ | ਧ਼ਾ | ਪਾ | ਮਾ | ਗ਼ਾ | – |
| | ਸਤਿ | ਗੁ | ਰ | ਡਿ | ਠਾ | S |
| | ਸਾ | ਰੇ | ਗ਼ਾ | ਰੇ | ਸਾ | – |
| | ਰਾ | ਮ | ਰਾ | ਜੇ | S | S |

## ਪਉੜੀ (ਵਾਰ ਰਾਮਕਲੀ ਮ: ੫)

ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ॥
ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ॥
ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ॥
ਸਭੁ ਕਿਛੁ ਤੇਰੈ ਵਸਿ, ਤੇਰਾ ਘਰੁ ਭਲਾ॥
ਤੇਰੈ ਘਰਿ ਆਨੰਦੁ, ਵਧਾਈ ਤੁਧੁ ਘਰਿ॥
ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ॥
ਸਰਬ ਕਲਾ ਭਰਪੂਰੁ ਦਿਸੈ ਜਤ ਕਤਾ॥
ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ॥ ੧੮॥ (ਪੰਨਾ ੯੬੫)

# ਮਿਸ਼ਰਤ ਰਾਗ ਤਾਲ ਦਾਦਰਾ ੬ ਮਾਤਰਾਂ

| | ੧ | ੨ | ੩ | ੪ | ੫ | ੬ |
|---|---|---|---|---|---|---|
| | ੦ | | | | | |
| ਅਸਥਾਈ : | ਪਾ | ਗਾ | ਗਾ | ਗਾ | ਗਾ | ਧਾ |
| | ਤੇ | ਰੈ | S | ਘ | ਰਿ | ਆ |
| | ਪਾ | – | ਗਾ | ਰੇ | – | – |
| | ਨੰ | S | S | ਦ | S | ਵ |
| | ਪਾ | ਰੇ | ਰੇ | ਰੇ | ਗਾ | – |
| | ੦ | | | | | |
| | ਧਾ | S | ਈ | ਤੁ | S | ਧੁ |
| | ਸਾ | ਸਾ | – | – | ਸਾ | – |
| | ਘਰਿ | S | S | S | S | S |
| ਅੰਤਰਾ : | ਧਾ | ਧਾ | ਧਾ | ਧਾ | ਧਾ | – |
| | ਮਾ | ਨ | ਮ | ਹ | ਤਾ | S |
| | ਪਾ | ਨੀ | ਧਾ | ਪਾ | ਪਾ | – |

| | | | | | | |
|---|---|---|---|---|---|---|
| | ਤੇ | S | S | ਜ | S | S |
| | ਮਾ | ਪਾ | ਮਾ | ਗਾ | – | ਮਾ |
| | ਅਪ | ਨਾ | S | ਆ | S | ਪਿ |
| | ਪਾ | – | – | ਪਾ | – | – |
| | ਜ | ਰਿ | S | S | S | S |
| | ੧ | ੨ | ੩ | ੪ | ੫ | ੬ |
| ਅੰਤਰਾ ੨: | ਧਾ | ਧਾ | ਧਾ | ਧਾ | ਧਾ | – |
| | ਵ | ਡੀ | ਹੂ | ਵ | ਡਾ | ਅ |
| | ਪਾ | ਨੀ | ਧਾ | ਪਾ | ਪਾ | – |
| | ਪਾ | S | S | ਰੁ | S | ਤ |
| | ਮਾ | ਪਾ | ਮਾ | ਗਾ | – | ਮਾ |
| | ਤੇ | S | ਗਾ | ਮਰ | S | ਤ |
| | ਪਾ | – | – | ਧਾ | – | – |
| | ਬਾ | S | S | S | S | S |

| | | | | | |
|---|---|---|---|---|---|
| ਧਾ | ਧਾ | ਧਾ | ਧਾ | ਧਾ | – |
| ਰੰ | ਗ | ਪ | ਰੰ | ਗ | ਅ |
| ਪਾ | ਨੀ | ਧਾ | ਪਾ | ਪਾ | – |
| ਨੇ | S | ਕ | S | S | ਨ |
| ਮਾ | ਪਾ | ਮਾ | ਗਾ | – | ਮਾ |
| ਜਾ | ਪਨਿ | S | ਕਰ | S | ਤ |
| ਪਾ | – | – | ਪਾ | – | – |
| ਬਾ | S | S | S | S | S |

**ਸਵੈਯਾ**॥ ਢੋਲ ਮ੍ਰਿਦੰਗ ਬਜੇ ਸਭ ਹੀ ਘਰ, ਯੌ ਪੁਰ ਆਜੁ ਕੁਲਾਹਲ ਭਾਰੀ।
ਗਾਵਤ ਗੀਤ, ਬਜਾਵਤ ਤਾਲ ਦਿਵਾਵਤ ਆਵਤਿ ਨਾਗਰਿ ਗਾਰੀ।
ਭੇਰ ਹਜਾਰ, ਬਜੀ ਇਕ ਬਾਰ, ਮਹਾਂ ਛਬਿ ਯਾਰ ਹਸੈਂ ਮਿਲਿ ਨਾਰੀ।
ਦੇਹਿ ਅਸੀਸ ਕਹੈਂ ਜਗਦੀਸ, ਇਹ ਜੋਰੀ ਜਿਯੋ ਜੁਗ ਚਾਰਿ ਤਿਹਾਰੀ।

(ਦਸਮ ਗ੍ਰੰਥ ਪੰਨਾ ੯੫੫)

# ਰਾਗ ਆਸਾਵਰੀ ਤਾਲ ਦਾਦਰਾ ੬ ਮਾਤਰਾਂ

| | ੧ | ੨ | ੩ | ੪ | ੫ | ੬ |
|---|---|---|---|---|---|---|
| ਅਸਥਾਈ : | ਸਂ | ਪਾ | ਪਾ | ਪਾ | ਧੁਾ | ਪਾ |
| | ਜੋ | ੜੀ | ਜੀ | ਵੈ | ਜੁ | ਗ |
| | ਮਾ | ਪਾ | ਮਾ | ਗੁ | ਰੇ | ਸਾ |
| | ਚਾ | ਰ | ਤਿ | ਹਾ | ਰੀ | S |
| | ਰੇ | ਮਾ | ਮਾ | ਪਾ | ਪਾ | ਨੀ |
| | ਜੋ | ੜੀ | ਜੀ | ਵੈ | ਜੁ | ਗ |
| | ਧੁਾ | – | ਮਾ | ਪਾ | – | – |
| | ਚਾ | S | S | ਰ | S | S |
| | | | | ੦ | ੦ | ੦ |
| ਅੰਤਰਾ : | ਪਾ | ਪਾ | ਧੁਾ | ਸਾਂ | ਸਾਂ | ਸਾਂ |
| | ਦੋ | ਹ | ਅ | ਸੀ | ਸ | ਕ |
| | ੦ | ੦ | ੦ | | | |

| | | | | | |
|---|---|---|---|---|---|
| ਰੇ | ਗੁਾਂ | ਰੇ | ਸਾ | ਧੁਾ | ਪਾ |
| ਹੈ | ਜ | ਗ | ਦੀ | ਸ | ਇਹ |
| ਸਾ | ਪਾ | ਪਾ | ਪਾ | ਧੁਾ | ਪਾ |
| ਜੋ | ੜੀ | ਜੀ | ਵੈ | ਜੁ | ਗ |
| ਮਾ | ਪਾ | ਮਾ | ਗੁਾ | ਰੇ | ਸਾ |
| ਚਾ | ਰ | ਤਿ | ਹਾ | ਰੀ | S |
| ਰੇ | ਮਾ | ਮਾ | ਪਾ | ਪਾ | ਨੁੀ |
| ਜੋ | ੜੀ | ਜੀ | ਵੈ | ਜੁ | ਗ |
| ਧਾ | – | ਮਾ | ਪਾ | – | – |
| ਚਾ | S | S | ਰ | S | S |

# ਰਾਮਕਲੀ ਮਹਲਾ ੩ ਅਨੰਦੁ

## ੧ੴ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ, ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ, ਸਤਿਗੁਰੂ ਮੈ ਪਾਇਆ ॥ ੧ ॥
ਏ ਮਨ ਮੇਰਿਆ, ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ, ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ, ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ, ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ, ਸਦਾ ਰਹੁ ਹਰਿ ਨਾਲੇ ॥ ੨ ॥
ਸਾਚੇ ਸਾਹਿਬਾ, ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ, ਜਿਸੁ ਦੇਹਿ ਸੁ ਪਾਵਏ ॥,
ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ॥

ਨਾਮੁ ਜਿਨ ਕੈ ਮਨਿ ਵਸਿਆ, ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬ, ਕਿਆ ਨਾਹੀ ਘਰਿ ਤੇਰੈ ॥ ੩ ॥
ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ, ਜਿਨਿ ਭੁਖਾ ਸਭਿ ਗਵਾਈਆ ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ, ਜਿਨਿ ਇਛਾ ਸਭਿ ਪੁਜਾਈਆ ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ, ਜਿਸ ਦੀਆ ਏਹਿ ਵਡਿਆਈਆ ॥
ਕਹੈ ਨਾਨਕੁ ਸੁਣਹੁ ਸੰਤਹੁ, ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ ॥ ੪ ॥
ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ, ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ, ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ, ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ, ਤਿਤੁ ਘਰਿ ਅਨਹਦ ਵਾਜੇ ॥ ੫ ॥
ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ, ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ, ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ, ਵਾਜੇ ਅਨਹਦ ਤੂਰੇ ॥ ੪੦ ॥ ੧ ॥ (ਪੰਨਾ ੯੧੭)

# ਪ੍ਰਚੱਲਤ ਧੁਨੀ ਅਨੰਦੁ ਸਾਹਿਬ ਤਾਲ ਕਹਿਰਵਾ

| ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|
| | | | | | | | ਸਾ |
| | | | | | | | ਅ |
| ਨੀ | ਨੀ | ਸਾ | ਰੇ | ਸਾ | – | ਸਾ | – |
| ਨੰ | ਦ | ਭਇਆ | ਮੇਰੀ | ਮਾ | S | ਏ | S |
| ਸ | ਤਿ | ਗੁਰੂ | ਮੈ | ਪਾ | S | ਇਆ | ਸਤਿ |
| ਗੁਰ | ਤ | ਪਾਇ | ਆ | ਸਹ | ਜਿ | ਸੇ | ਤੀ |
| ਮਨ | ਵਜੀ | ਆ | ਵਾ | ਧਾ | S | ਈਆ | S |
| ਰਾ | ਗਰ | ਤਨ | ਪਰ | ਵਾ | ਰ | ਪਰੀ | ਆ |
| ਸ | ਬਦ | ਗਾ | ਵਨ | ਆ | S | ਈਆ | ਸਬ |
| ਦੋ | ਤ | ਗਾ | ਵਹੁ | ਹ | ਰੀ | ਕੇ | ਗ |
| ਮ | ਨਜਿ | ਨੀ | ਵ | ਸਾ | S | ਇਆ | S |
| ਕ | ਹੈ | ਨਾ | ਨਕ | ਅਨੰ | ਦ | ਹੋ | ਆ |
| ਸ | ਤਿਗੁ | ਰੂ | ਮੈ | ਪਾ | S | ਇਆ | S |

ਬਾਕੀ ਦੀਆਂ ਵੀ ਉਪਰ ਦੱਸੇ ਤਰੀਕੇ ਅਨੁਸਾਰ ਪੜ੍ਹਨੀਆਂ।

-ਸੰਪੂਰਨ-